# ਡਾ. ਤਰਲੋਕ ਸਿੰਘ ਕੰਵਰ ਦੀ ਸਾਹਿਤ ਸਿਧਾਂਤਕਾਰੀ ਦੇ ਵਿਚਾਰਧਾਰਾਈ ਆਧਾਰ



ਮਨਪ੍ਰੀਤ ਕੌਰ
ਸਹਾਇਕ ਪ੍ਰੋਫੈਸਰ
ਸ੍ਰੀ ਗੁਰੂ ਅੰਗਦ ਦੇਵ
ਕਾਲਜ ਖਡੂਰ ਸਾਹਿਬ
manpreetgill0117@gmail.com

ਪੰਜਾਬੀ ਦੀ ਰੂਪਵਾਦੀ ਸੰਰਚਨਾਵਾਦੀ ਸਾਹਿਤ ਸਮੀਖਿਆ ਦੇ ਖੇਤਰ ਵਿਚ ਡਾ. ਤਰਲੋਕ ਸਿੰਘ ਕੰਵਰ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਡਾ. ਹਰਿਭਜਨ ਸਿੰਘ ਤੋਂ ਬਾਅਦ ਰੂਪਵਾਦੀ ਸੰਰਚਨਾਵਾਦੀ ਪੰਜਾਬੀ ਸਮੀਖਿਆ ਵਿਚ ਡਾ. ਕੰਵਰ ਦਾ ਅਹਿਮ ਸਥਾਨ ਹੈ। ਅਕਾਦਮਿਕ ਹਲਕਿਆਂ ਵਿਚ ਡਾ. ਕੰਵਰ ਜਿੰਨਾ ਗਹਿਰ-ਗੰਭੀਰ ਸਮੀਖਿਅਕ ਹੈ, ਉਨਾ ਹੀ ਅਣਗੌਲਿਆ ਰਿਹਾ ਹੈ। ਮੁੱਢਲੇ ਰੂਪ ਵਿਚ ਉਸਦੇ ਸਾਹਿਤ ਚਿੰਤਨ ਦਾ ਸਿਲਸਿਲਾ 1967 ਈ. ਵਿਚ ਆਰੰਭ ਹੁੰਦਾ ਹੈ। ਉਸਦਾ ਇਹ ਆਰੰਭਲਾ ਕਾਰਜ ਪੀਐਚ.ਡੀ. ਦੇ ਖੋਜ-ਪ੍ਰਬੰਧ ਆਧੁਨਿਕ ਪੰਜਾਬੀ ਕਵਿਤਾ (1900-1950) ਵਿਚ ਪ੍ਰਤੀਕਵਾਦ ਵਿਸ਼ੇ ਨਾਲ ਸੰਬੰਧਿਤ ਹੈ ਜੋ ਉਸਨੇ ਡਾ. ਹਰਿਭਜਨ ਸਿੰਘ ਦੀ ਨਿਗਰਾਨੀ ਹੇਠ ਮੁਕੰਮਲ ਕੀਤਾ। ਸਾਹਿਤ ਚਿੰਤਨ ਦੇ ਲੰਮੇ ਅਰਸੇ ਦੌਰਾਨ ਉਸ ਦੁਆਰਾ ਲਿਖੀਆਂ ਪੁਸਤਕਾਂ ਵਿਚ ਬਦਲਦੇ ਪਰਿਪੇਖ (1975), ਸਾਹਿਤ ਅਧਿਐਨ ਦੀ ਸੰਰਚਨਾਵਾਦੀ ਪ੍ਰਣਾਲੀ (1975), ਮਾਨ ਪ੍ਰਤਿਮਾਨ (1976), ਪਾਠ ਤੇ ਪ੍ਰਸੰਗ (1985), ਸੰਚਾਰ/ਸਭਿਆਚਾਰ (1986), ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ (1988), ਥਾਪਨਾ/ਉਥਾਪਨਾ (1989), ਵਚਨ/ਪ੍ਰਵਚਨ (1991), ਸਭਿਆਚਾਰ ਵਿਗਿਆਨ (1991), ਪ੍ਰਪੰਚ/ਪ੍ਰਬੰਧ/ਪ੍ਰਵਾਹ (1992) ਅਤੇ ਗੁਰੂ ਨਾਨਕ ਦਾ ਕਾਵਿ-ਸ਼ਾਸਤ੍ਰ (1994) ਸ਼ਾਮਿਲ ਹਨ। ਇਨ੍ਹਾਂ ਮੌਲਿਕ ਪੁਸਤਕਾਂ ਤੋਂ ਇਲਾਵਾ ਵਿਹਾਰਕੀ (1980), ਸ਼ੋਧ/ਪਰਿਸ਼ੋਧ (1989), ਪੰਜਾਬੀ ਸਮੀਖਿਆ (1989) ਅਤੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ (1995) ਪੁਸਤਕਾਂ ਦਾ ਸੰਪਾਦਨ ਵੀ ਕੀਤਾ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਉਸਦੇ ਕਈ ਮਜ਼ਮੂਨ ਅਤੇ ਵੱਖ-ਵੱਖ ਪੁਸਤਕਾਂ ਦੀਆਂ ਲਿਖੀਆਂ ਹੋਈਆਂ ਭੂਮਿਕਾਵਾਂ ਵੀ ਪ੍ਰਾਪਤ ਹੁੰਦੀਆਂ ਹਨ। ਅਧਿਐਨ ਸਮੇਂ ਡਾ. ਕੰਵਰ ਨੇ ਸਿਧਾਂਤਕ ਪੱਧਰ 'ਤੇ ਆਪਣਾ ਨਾਤਾ ਕਾਲ-ਪ੍ਰਵਾਹ ਵਿਚ ਚਲਦੇ ਨਵੀਨ ਗਿਆਨ ਦੇ ਅਨੁਸ਼ਾਸਨਾਂ ਨਾਲ ਜੋੜਿਆ ਅਤੇ ਵਿਹਾਰਕ ਅਧਿਐਨ ਸਮੇਂ ਇਹਨਾਂ ਸਿਧਾਂਤਾਂ ਦੀ ਸਹਾਇਤਾ ਨਾਲ ਉਹ ਪੰਜਾਬੀ ਸਾਹਿਤ ਦੀਆਂ ਲਗਪਗ ਸਾਰੀਆਂ ਵਿਧਾਵਾਂ ਨੂੰ ਆਪਣੇ ਅਧਿਐਨ ਦੇ ਆਧਾਰ ਵਜੋਂ ਵਰਤਦਾ ਹੈ। ਉਸਦਾ ਸਮੁੱਚਾ ਚਿੰਤਨ ਕਾਰਜ ਸਾਹਿਤ ਸਿਧਾਂਤ, ਮੱਧਕਾਲੀ ਅਤੇ ਆਧੁਨਿਕ ਸਾਹਿਤ, ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ ਦੇ ਅਧਿਐਨ ਦੇ ਇਰਦ-ਗਿਰਦ ਘੁੰਮਦਾ ਹੈ। ਇਸੇ ਮਹੀਨ ਨਜ਼ਰੀਏ ਰਾਹੀਂ ਉਹ ਸਾਹਿਤ ਪਾਠਾਂ ਵਿਚਲੇ

ਨੇਮਾਂ, ਕਸਵੱਟੀਆਂ ਅਤੇ ਖ਼ਾਮੋਸ਼ੀਆਂ ਨੂੰ ਸਮੂਰਤਨ ਦੀ ਪੱਧਰ ਉਪਰ ਉਭਾਰਨ ਦਾ ਯਤਨ ਕਰਦਾ ਹੈ। ਮੁੱਢਲੇ ਅਧਿਐਨ ਵਿਚ ਬੇਸ਼ੱਕ ਉਹ ਡਾ. ਹਰਿਭਜਨ ਸਿੰਘ ਅਤੇ ਦਿੱਲੀ ਸਕੂਲ ਦੀ ਸਮੀਖਿਆ ਦਾ ਪ੍ਰਭਾਵ ਕਬੂਲਦਾ ਹੈ, ਪਰੰਤੂ ਚਿੰਤਨ ਅਤੇ ਅਨੁਭਵ ਦੇ ਵਿਕਾਸ ਰਾਹੀਂ ਉਹ ਕੁਝ ਅਜਿਹੇ ਸੂਤਰ ਪੇਸ਼ ਕਰਦਾ ਹੈ, ਜੋ ਇਸ ਸਮੀਖਿਆ ਤੋਂ ਵੀ ਪਾਰ ਜਾਣ ਦੀ ਸਮਰੱਥਾ ਰੱਖਦੇ ਹਨ। ਡਾ. ਕੰਵਰ ਦਾ ਗੰਭੀਰ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਅਧੀਨ ਕੀਤਾ ਗਿਆ ਚਿੰਤਨ ਕਾਰਜ ਬਾਕੀ ਚਿੰਤਕਾਂ ਵਾਂਗ ਨਿੱਠ ਕੇ ਗੌਲ਼ੇ ਜਾਣ ਦੀ ਮੰਗ ਕਰਦਾ ਹੈ। ਇਸਦੇ ਘੱਟ ਗੌਲ਼ੇ ਜਾਣ ਦਾ ਮੂਲ ਕਾਰਨ ਇਸ ਚਿੰਤਨ ਦੇ ਸੰਘਣੇ ਮੁਹਾਵਰੇ, ਵਿਚਾਰਧਾਰਕ ਨਜ਼ਰੀਏ, ਵਿਧੀ ਵਿਧਾਨ ਅਤੇ ਭਾਸ਼ਾਗਤ ਸਮੱਸਿਆਵਾਂ ਨੂੰ ਮੰਨਿਆ ਜਾਂਦਾ ਹੈ। ਪੰਜਾਬੀ ਸਮੀਖਿਆ ਦੇ ਕੁਝ ਚਿੰਤਕਾਂ ਜਿਵੇਂ ਕਿ ਡਾ. ਹਰਿਭਜਨ ਸਿੰਘ ਭਾਟੀਆ ਅਤੇ ਡਾ. ਭੁਪਿੰਦਰਪਾਲ ਸਿੰਘ ਬਖਸ਼ੀ ਆਦਿ ਦਾ ਮੰਨਣਾ ਹੈ ਕਿ ਉਸਦੇ ਅਧਿਐਨ ਨੂੰ ਗੰਭੀਰਤਾ ਨਾਲ ਨਾ ਵਿਚਾਰੇ ਜਾਣ ਦਾ ਕਾਰਨ ਸਾਧਾਰਨ ਪਾਠਕ ਵਰਗ ਹੈ, ਕਿਉਂਕਿ ਉਸਦਾ ਚਿੰਤਨ ਕਾਰਜ ਇਸ ਸਾਧਾਰਨ ਪਾਠਕ ਵਰਗ ਦੀ ਸਾਧਾਰਨ ਸੋਝੀ ਤੋਂ ਪਾਰ ਹੈ।

ਹਥਲੇ ਖੋਜ-ਪੱਤਰ ਦਾ ਮਨੋਰਥ ਡਾ. ਤਰਲੋਕ ਸਿੰਘ ਕੰਵਰ ਦੀ ਸਾਹਿਤ ਸਿਧਾਂਤਕਾਰੀ ਦੇ ਵਿਚਾਰਧਾਰਾਈ ਆਧਾਰਾਂ ਦੀ ਪਛਾਣ ਕਰਨਾ ਹੈ। ਡਾ. ਕੰਵਰ ਦੀ ਪਛਾਣ ਸਾਹਿਤ ਚਿੰਤਨ ਦੇ ਖੇਤਰ ਵਿਚ ਇੱਕ ਸਿਧਾਂਤਕਾਰ ਵਜੋਂ ਬਣੀ ਹੈ। ਪੱਛਮੀ ਗਿਆਨ-ਸ਼ਾਸਤਰ ਦੇ ਖੇਤਰ ਵਿਚ ਵਾਪਰਦੀਆਂ ਤਬਦੀਲੀਆਂ ਤੋਂ ਪੰਜਾਬੀ ਚਿੰਤਨ-ਜਗਤ ਨੂੰ ਜਾਣੂ ਕਰਾਉਣਾ ਉਸਦੀ ਮੁੱਖ ਮਨਸ਼ਾ ਸੀ। ਇਸੇ ਪੱਛਮੀ ਗਿਆਨ-ਸ਼ਾਸਤਰ ਤੋਂ ਪ੍ਰਾਪਤ ਕੀਤੇ ਗਿਆਨ ਦੀ ਸਹਾਇਤਾ ਰਾਹੀਂ ਉਹ ਪੰਜਾਬੀ ਸ਼ਬਦ-ਸਭਿਆਚਾਰ ਨੂੰ ਪਰਖਦਾ ਹੈ। ਇਸ ਗੱਲ ਦੀ ਪੁਸ਼ਟੀ ਲਈ ਡਾ. ਹਰਿਭਜਨ ਸਿੰਘ ਭਾਟੀਆ ਦੀ ਟਿੱਪਣੀ ਵੇਖੀ ਜਾ ਸਕਦੀ ਹੈ, "ਡਾ. ਕੰਵਰ ਪ੍ਰਮੁੱਖ ਰੂਪ ਵਿਚ ਇੱਕ ਸਿਧਾਂਤਕਾਰ ਸੀ ਅਤੇ ਪੱਛਮੀ ਗਿਆਨ ਸ਼ਾਸਤਰ ਦੇ ਖੇਤਰ ਵਿਚ ਵਾਪਰੀਆਂ ਤਬਦੀਲੀਆਂ ਤੋਂ ਪੰਜਾਬੀ ਚਿੰਤਨ-ਜਗਤ ਨੂੰ ਵਾਕਿਫ਼ ਕਰਾਉਣਾ ਲੋਚਦਾ ਸੀ।"[1] ਇਸ ਪ੍ਰਕਾਰ ਵਿਸ਼ਵ ਪੱਧਰੀ ਚਿੰਤਨ ਵਿਚ ਵਾਪਰਦੇ ਬਦਲਾਵਾਂ ਦੀ ਨਿਰੰਤਰ ਗਤੀਸ਼ੀਲਤਾ ਨੂੰ ਹੀ ਉਸਦੀ ਸਿਧਾਂਤਕਾਰੀ ਦੇ ਵਿਚਾਰਧਾਰਕ ਆਧਾਰਾਂ ਦਾ ਮੂਲ ਕੇਂਦਰ ਮੰਨਿਆ ਜਾ ਸਕਦਾ ਹੈ।

ਡਾ. ਕੰਵਰ ਮੁੱਖ ਰੂਪ ਵਿਚ ਇੱਕ ਸਿਧਾਂਤਕਾਰ ਸੀ ਅਤੇ ਉਸਦੇ 'ਸਿਧਾਂਤ' ਸੰਬੰਧੀ ਵਿਚਾਰਾਂ ਅਤੇ ਸਿਧਾਂਤ ਦੀ ਸਿਰਜਣਾ ਲਈ ਉਸ ਵੱਲੋਂ ਸੁਝਾਏ ਗਏ ਅਨੁਕੂਲ ਵਾਤਾਵਰਣ ਨੂੰ ਜਾਣਨਾ

ਜ਼ਰੂਰੀ ਹੈ। ਇਸ ਸੰਬੰਧੀ ਉਸਦੀ ਟਿੱਪਣੀ ਵੇਖੀ ਜਾ ਸਕਦੀ ਹੈ:-

"ਸਿੱਧਾਂਤ ਦੀ ਪਰਮਾਣਿਕਤਾ ਸਾਡੀ ਜਾਚੇ ਵਿਹਾਰ ਨਾਲ ਪ੍ਰਬੀਨਤਾ ਸਹਿਤ ਨਜਿੱਠ ਸਕਣ ਵਿਚ ਹੀ ਹੁੰਦੀ ਹੈ।...ਸਿੱਧਾਂਤੋਂ ਟੁਟਾ ਵਿਹਾਰ ਬੇ-ਲਗਾਮ ਅਨਾਚਾਰ ਹੈ ਤੇ ਵਿਹਾਰੋਂ ਵਿਛੁੰਨਾ ਸਿਧਾਂਤ ਸਖਣੀ ਸੁੰਞ-ਮ-ਸੁੰਞ। ਸਿੱਧਾਂਤਕਤਾ ਦਾ ਨੇਮ-ਪਰਕ ਧਰਾਤਲ ਆਖ਼ਰਕਾਰ ਕਿਸੇ ਪਾਠ ਦੀ ਸਮੂਰਤ ਤੇ ਵਿਹਾਰਕ ਕਿਰਿਆ ਪ੍ਰਕਿਰਿਆ ਵਿਚੋਂ ਹੀ ਆਪਣੇ ਅਰਥ ਗ੍ਰਹਿਣ ਕਰਦਾ ਹੈ"।[2]

ਇਸ ਪ੍ਰਕਾਰ ਡਾ. ਕੰਵਰ ਸਿਧਾਂਤ ਦਾ ਸੰਬੰਧ ਵਿਹਾਰ ਨਾਲ ਜੋੜਦਾ ਹੋਇਆ, ਵਿਹਾਰ ਵਿਚੋਂ ਸਿਧਾਂਤ ਦੇ ਪੈਦਾ ਹੋਣ ਦਾ ਸੰਕੇਤ ਦਿੰਦਾ ਹੈ। ਉਸਦਾ ਮੰਨਣਾ ਹੈ ਕਿ ਉਹੀ ਸਿਧਾਂਤ ਪ੍ਰਮਾਣਿਕ ਹੈ ਜੋ ਵਿਹਾਰ ਨਾਲ ਨਜਿੱਠ ਸਕਣ ਵਿਚ ਸਫ਼ਲ ਹੈ। ਸਿਧਾਂਤ ਦੀ ਉਪਸਥਿਤੀ ਵਿਹਾਰ ਨੂੰ ਅਤੇ ਵਿਹਾਰ ਦੀ ਹਾਜ਼ਰੀ ਸਿਧਾਂਤ ਨੂੰ ਪ੍ਰਭਾਵਿਤ ਕਰਦੀ ਹੈ। ਡਾ. ਕੰਵਰ ਦੀ ਉਪਰੋਕਤ ਟਿੱਪਣੀ ਮੁੱਖ ਰੂਪ ਵਿਚ ਸਿਧਾਂਤ ਅਤੇ ਵਿਹਾਰ ਦੋਹਾਂ ਦੀ ਇੱਕੋ ਜਿੰਨੀ ਲੋੜ ਦੀ ਹਾਮੀ ਹੈ। ਸਾਹਿਤ ਚਿੰਤਨ ਦੇ ਸਿਧਾਂਤਕ ਪਾਸਾਰਾਂ ਦੀ ਪੜਚੋਲ ਲਈ ਉਸਦੇ ਸਿਧਾਂਤਕ ਆਧਾਰਾਂ ਦੇ ਵਿਸ਼ਲੇਸ਼ਣ ਦੇ ਨਾਲ-ਨਾਲ ਉਸਦੇ ਵਿਹਾਰਕ ਪ੍ਰਸੰਗਾਂ ਦੀ ਤਹਿ ਹੇਠ ਕਾਰਜਸ਼ੀਲ ਨੇਮਾਂ ਨੂੰ ਵਿਚਾਰਨਾ ਵੀ ਲਾਜ਼ਮੀ ਹੈ, ਪਰੰਤੂ ਇਸ ਖੋਜ-ਪੱਤਰ ਵਿਚ ਅਸੀਂ ਡਾ. ਕੰਵਰ ਦੇ ਸਿਧਾਂਤ ਨਾਲ ਸੰਬੰਧਿਤ ਚਿੰਤਨ ਮਿਆਰਾਂ ਨੂੰ ਹੀ ਵਿਚਾਰਾਂਗੇ।

ਡਾ. ਕੰਵਰ ਦੇ ਸਰਵ ਪ੍ਰਥਮ ਸਿਰਜਣ-ਪ੍ਰਕਿਰਿਆ ਸੰਬੰਧੀ ਵਿਚਾਰ ਵੇਖੇ ਜਾ ਸਕਦੇ ਹਨ। ਇਸੇ ਤਹਿਤ ਉਹ ਸਾਹਿਤ ਨੂੰ ਇੱਕ ਭਾਸ਼ਾਬੱਧ ਰਚਨਾ ਦਾ ਨਾਮ ਦਿੰਦਾ ਹੋਇਆ ਲਿਖਦਾ ਹੈ, "ਸਾਹਿਤ ਇਕ ਭਾਸ਼ਾਬੱਧ ਰਚਨਾ ਹੈ। ਇਹ ਰਚਨਾ ਆਪਣੇ ਇਸ ਭਾਸ਼ਾਈ ਪ੍ਰਬੰਧ ਵਿਚ ਸਾਹਿਤਕ ਦ੍ਰਿਸ਼ਟੀ ਦਾ ਵਸਤੂਕਰਨ ਕਰਦੀ ਹੈ।...ਸਾਹਿਤ ਰਚਨਾ ਦੀ ਗੱਲ ਜੀਵਨ ਪ੍ਰਤਿ ਸਾਹਿਤਕ-ਦ੍ਰਿਸ਼ਟੀ ਵਿਚ ਜਾਗਣ ਤੋਂ ਆਰੰਭ ਹੁੰਦੀ ਹੈ।"[3] ਡਾ. ਕੰਵਰ ਸਾਹਿਤ ਦੀ ਸੰਰਚਨਾ ਨੂੰ ਸਮਾਜ ਵਿਚਲੀ ਸਮੱਗਰੀ ਦੇ ਸਾਹਿਤਿਕ ਵਸਤੂਕਰਨ ਨਾਲ ਜੋੜਦਾ ਹੈ ਜਿੱਥੇ ਸਾਹਿਤਕਾਰ ਜੀਵਨ ਅਨੁਭਵ ਨੂੰ ਭਾਸ਼ਾ ਰਾਹੀਂ ਪੁਨਰ ਸਿਰਜਿਤ ਕਰਦਾ ਹੈ। ਉਸ ਅਨੁਸਾਰ ਸਮਾਜਕ ਅਨੁਭਵ ਹੀ ਸਾਹਿਤ ਵਿਚ ਪੁਨਰ ਸਿਰਜਿਤ ਕੀਤਾ ਜਾਂਦਾ ਹੈ। ਉਹ ਸਮਾਜ ਵਿਚਲੇ ਵੇਰਵਿਆਂ ਨੂੰ ਸਾਹਿਤ ਦੀ ਸਾਮੱਗ੍ਰੀ ਪ੍ਰਵਾਨ ਕਰਦਾ ਹੋਇਆ ਇਸਨੂੰ ਸਾਹਿਤ ਦਾ ਉਤਪਾਦਨੀ ਸ੍ਰੋਤ ਮੰਨਦਾ ਹੈ। ਸਾਹਿਤਕ ਸਾਮੱਗ੍ਰੀ ਵਿਚ ਸਮਾਜ ਦੀ ਭੂਮਿਕਾ ਨੂੰ ਮਹੱਤਵਪੂਰਣ ਮੰਨਦਾ ਹੋਇਆ ਵੀ ਉਹ ਸਾਹਿਤ ਦੀ ਖ਼ੁਦਮੁਖਤਾਰ ਹੋਂਦ ਨੂੰ ਅਗਰਭੂਮੀ

ਵਿਚ ਰੱਖਦਾ ਹੈ। ਇਸ ਸੰਬੰਧੀ ਉਹ ਲਿਖਦਾ ਹੈ, "ਸਾਹਿਤਕਾਰ ਆਪਣੀ ਸਾਹਿਤਕ-ਦ੍ਰਿਸ਼ਟੀ ਦੁਆਰਾ ਸਾਹਿਤ ਰਚਨਾ ਕਰਦਾ ਹੈ।"[4] ਡਾ. ਕੰਵਰ ਅਧਿਐਨ ਵੇਲੇ ਬੇਸ਼ੱਕ 'ਸਾਹਿਤ ਦੀ ਸਾਹਿਤਿਕਤਾ' ਨੂੰ ਮੂਲ ਧੁਰਾ ਮੰਨਦਾ ਹੈ, ਪਰੰਤੂ ਸੁਚੇਤ ਰੂਪ ਵਿਚ ਉਹ ਸਾਹਿਤ ਨੂੰ ਇੱਕ ਮਾਨਵਵਾਦੀ ਵਰਤਾਰਾ ਸਵੀਕਾਰ ਕਰਦਾ ਹੈ ਜੋ ਸਮਾਜ ਵਿਚੋਂ ਆਪਣਾ ਅਸਤਿਤਵ ਗ੍ਰਹਿਣ ਕਰਦਾ ਹੈ।

ਸਾਹਿਤ ਦੀ ਸਿਰਜਣ ਪ੍ਰਕਿਰਿਆ ਉਪਰੰਤ ਡਾ. ਕੰਵਰ ਦੇ ਸਾਹਿਤ ਦੀ ਖ਼ੁਦਮੁਖਤਾਰ ਹੋਂਦ ਸੰਬੰਧੀ ਵਿਚਾਰ ਸਾਹਮਣੇ ਆਉਂਦੇ ਹਨ। ਉਹ ਸਾਹਿਤ ਦੇ ਸਾਰਥਕ ਅਤੇ ਨਿਆਂਯੁਕਤ ਅਧਿਐਨ ਲਈ 'ਸਾਹਿਤਕ ਸਾਰਥਿਕਤਾ' ਨੂੰ ਮਹੱਤਵ ਦਿੰਦਾ ਹੈ। ਉਸਦਾ ਮੰਨਣਾ ਹੈ ਕਿ ਵਿਸ਼ਲੇਸ਼ਣ ਵੇਲੇ ਜੇਕਰ ਅਧਿਏਤਾ ਸਾਹਿਤ ਨੂੰ ਦੂਸਰੇ ਅਨੁਸ਼ਾਸਨਾਂ ਰਾਹੀਂ ਪਰਖਦਾ ਹੈ ਤਾਂ ਸਾਹਿਤ ਦੀ 'ਸਾਹਿਤਕ ਸਾਰਥਿਕਤਾ' ਲਈ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ ਅਤੇ ਕਿਤੇ ਨਾ ਕਿਤੇ 'ਸਾਹਿਤ ਮੁੱਲ' ਪ੍ਰਭਾਵਿਤ ਹੁੰਦਾ ਹੈ। ਡਾ. ਹਰਿਭਜਨ ਸਿੰਘ ਭਾਟੀਆ ਦਾ ਕਥਨ ਹੈ, "ਸਾਹਿਤ ਰਚਨਾਵਾਂ ਵਿਚਲੇ ਵਸਤੂ ਦੀ ਵਿਆਖਿਆ ਦਾ ਉਹ ਬਿਲਕੁਲ ਹਾਮੀ ਨਹੀਂ।...ਸਾਹਿਤ ਦੇ ਵਸਤੂਪਰਕ ਤਰਕ ਦੀ ਪਛਾਣ ਨੂੰ ਉਹ ਸਮੀਖਿਆਤਮਕ ਉੱਦਮ ਦਾ ਹਿੱਸਾ ਮੰਨਦਾ ਹੈ।"[5] ਡਾ. ਕੰਵਰ ਸਾਹਿਤ ਦੀ 'ਖ਼ੁਦਮੁਖਤਾਰ ਹੋਂਦ' ਦਾ ਹਾਮੀ ਹੋਣ ਕਰਕੇ ਪਹਿਲ 'ਸਾਹਿਤ ਦੀ ਸਾਹਿਤਿਕਤਾ' ਨੂੰ ਦਿੰਦਾ ਹੈ, ਪਰੰਤੂ ਉਸਦੀ ਸਮੀਖਿਆ ਦ੍ਰਿਸ਼ਟੀ ਸਾਹਿਤ ਦੇ ਬਾਕੀ ਅਨੁਸ਼ਾਸਨਾਂ ਨਾਲ ਸੰਬੰਧਾਂ ਦੀ ਹੋਂਦ ਤੋਂ ਇਨਕਾਰੀ ਵੀ ਨਹੀਂ ਹੈ, ਜਿਸਦੇ ਫਲਸਰੂਪ ਉਹ ਸਾਹਿਤ ਨੂੰ ਸੰਸਕ੍ਰਿਤੀ ਦੀਆਂ ਮਨੁੱਖ ਸਿਰਜਿਤ ਹੋਰਨਾਂ ਸੰਰਚਨਾਵਾਂ ਨਾਲ ਜੋੜ ਕੇ ਵਿਚਾਰਨਾ ਵੀ ਜ਼ਰੂਰੀ ਸਮਝਦਾ ਹੈ। ਇਸੇ ਵਿਚਾਰਧਾਰਕ ਬਿਰਤੀ ਤਹਿਤ ਉਸਦੇ 'ਸਾਹਿਤ ਦੇ ਪ੍ਰਯੋਜਨ' ਸੰਬੰਧੀ ਵਿਚਾਰ ਵੀ ਵੇਖੇ ਜਾ ਸਕਦੇ ਹਨ। ਉਹ ਸਾਹਿਤ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਨੂੰ ਬਹੁਤ ਵਿਸ਼ਾਲਤਾ ਅਤੇ ਵਿਸਥਾਰ ਸਾਹਿਤ ਤਾਂ ਚਰਚਾ ਦਾ ਵਿਸ਼ਾ ਨਹੀਂ ਬਣਾਉਂਦਾ, ਪਰੰਤੂ ਉਹ ਸਾਹਿਤ ਦੇ ਪ੍ਰਯੋਜਨ ਸੰਬੰਧੀ ਆਪਣੀਆਂ ਮੌਲਿਕ ਅਤੇ ਸਪੱਸ਼ਟ ਧਾਰਨਾਵਾਂ ਪ੍ਰਸਤੁਤ ਕਰਦਾ ਹੈ। ਸਾਹਿਤ ਦੇ ਪ੍ਰਯੋਜਨ ਨੂੰ ਪਰੰਪਰਾਗਤ ਵਿਚਾਰ ਪੱਧਤੀਆਂ ਦੀ ਬਜਾਇ ਨਵੀਨ ਗਿਆਨ ਦੀ ਰੌਸ਼ਨੀ ਰਾਹੀਂ ਪਰਿਭਾਸ਼ਿਤ ਕਰਦਿਆਂ ਹੋਇਆਂ ਸਥਾਨਕ 'ਸ਼ਬਦ-ਸਭਿਆਚਾਰ' ਨੂੰ ਕੇਂਦਰ ਵਿਚ ਰੱਖਦਾ ਹੈ। ਸਾਹਿਤ ਦੇ ਪ੍ਰਯੋਜਨ ਨੂੰ ਉਹ ਗਿਆਨ-ਆਨੰਦ ਨਾਲ ਜੋੜਦਾ ਹੋਇਆ ਉਹ ਲਿਖਦਾ ਹੈ:-

ਸਾਹਿਤ ਦਾ ਸੱਚਾ ਪ੍ਰਯੋਜਨ ਤਾਂ ਗਿਆਨ-ਅਨੰਦ ਹੈ। ਇਸੇ ਗਿਆਨ ਅਨੰਦ ਨੂੰ ਪੈਰਿਸ ਦੇ ਗਿਆਨਵਾਦੀ ਤੇ ਸਾਹਿਤ-ਸ਼ਾਸਤਰੀ ਹਲਕਿਆਂ ਵਿਚ ਪਿਛਲੇ ਲਗਪਗ ਦੋ ਦਹਾਕਿਆਂ ਤੋਂ ਅਜਨਬੀ ਮੁਹਾਵਰੇ ਵਿਚ ਉਦੈਮਾਨ ਹੋਣ ਵਾਲੀ ਪੂਰਬੀ ਸਾਹਿਤ ਵਿਸ਼ਵ ਦ੍ਰਿਸ਼ਟੀ ਦੇ ਅੰਤਰਗਤ ਸਮਝਿਆ ਜਾ ਸਕਦਾ ਹੈ।[6]

ਸਾਹਿਤ ਦੀ ਖ਼ੁਦਮੁਖਤਾਰ ਹੋਂਦ ਅਤੇ ਸੁਹਜਮੂਲਕ ਸਾਹਿਤ-ਪ੍ਰਯੋਜਨ ਦੀ ਹਾਮੀ ਭਰਦਾ ਹੋਇਆ ਉਹ ਇਸ ਵਿਚਲੇ ਗਿਆਨ-ਆਨੰਦ ਦੀ ਗੱਲ ਕਰਦਾ ਹੈ। ਇਸੇ ਤਹਿਤ ਸਾਹਿਤ ਦੇ ਪ੍ਰਯੋਜਨ ਨੂੰ ਉਹ ਪੈਰਿਸ ਦੀ ਗਿਆਨ-ਪਰੰਪਰਾ ਰਾਹੀਂ ਸਮਝਣ ਦਾ ਸੁਝਾਅ ਪੇਸ਼ ਕਰਦਾ ਹੈ, ਜਿਸ ਵਿਚ 'ਸਾਹਿਤ ਦੀ ਸਾਹਿਤਿਕਤਾ' ਨੂੰ ਕੇਂਦਰੀ ਸਥਾਨ ਪ੍ਰਾਪਤ ਹੁੰਦਾ ਹੈ।

ਡਾ. ਕੰਵਰ ਦੇ ਉਪਰੋਕਤ ਵਿਚਾਰ ਦੋ ਤਰ੍ਹਾਂ ਦੇ ਨੁਕਤਿਆਂ ਨੂੰ ਪੇਸ਼ ਕਰਦੇ ਹਨ, ਜਿਸ ਵਿਚ ਪਹਿਲਾ ਨੁਕਤਾ ਇਹ ਹੈ ਕਿ ਸਾਹਿਤ ਦੇ ਪ੍ਰਯੋਜਨ ਦਾ ਸੰਬੰਧ ਗਿਆਨ ਨਾਲ ਜੁੜਦਾ ਹੈ, ਦੂਜਾ ਇਸਨੂੰ ਗਿਆਨ ਰਾਹੀਂ ਸੁਹਜ ਤ੍ਰਿਪਤੀ ਕਰਨ ਵਾਲਾ ਆਨੰਦਮਈ ਵਰਤਾਰਾ ਸਿੱਧ ਕਰਨਾ ਹੈ। ਇਸੇ ਅਧੀਨ ਡਾ. ਕੰਵਰ ਪਰੰਪਰਾਗਤ ਸਾਹਿਤ-ਸ਼ਾਸਤਰੀਆਂ ਦੇ ਵਿਚਾਰਾਂ ਪ੍ਰਤਿ ਅਸੰਤੋਖ ਜਤਾਉਂਦਾ ਹੈ, ਜੋ ਸਾਹਿਤ ਦੇ ਪ੍ਰਯੋਜਨ ਨੂੰ ਸਾਹਿਤ ਬਾਹਰੀ ਵੇਰਵਿਆਂ ਵਿਚੋਂ ਲੱਭਣ ਵੱਲ ਰੁਚਿਤ ਸਨ।

ਉਹ ਇਸ ਪਰੰਪਰਾਗਤ ਸਮੀਖਿਆ ਨੂੰ ਇੱਕ ਆਸਾਨ ਪੱਥ ਨਿਸਚਿਤ ਕਰਨ ਵਾਲੀ ਸਮੀਖਿਆ ਦਾ ਨਾਮ ਦਿੰਦਾ ਹੈ, ਜਿਸ ਤਹਿਤ ਚੱਲਣ ਵਾਲੇ ਸਮੀਖਿਆਕਾਰ ਸਾਹਿਤ ਦੀ ਸਮੂਰਤਨ ਅਤੇ ਵਿਹਾਰਕ ਗਤੀਸ਼ੀਲਤਾ ਵਿਚ ਪਏ ਬਗੈਰ ਹੀ ਸਾਹਿਤ ਦੇ ਮਨਚਾਹੇ ਪ੍ਰਯੋਜਨ ਸਥਾਪਿਤ ਕਰ ਦਿੰਦੇ ਹਨ। ਉਹ ਅਜਿਹੀ ਪਿਛਲੱਗ ਸਮੀਖਿਆ ਦੀ ਥਾਂ ਸ਼ਬਦ-ਸਭਿਆਚਾਰ ਦੀ ਪਰੰਪਰਾ ਦੇ ਅਨੁਸਾਰੀ ਹੋ ਕੇ ਚੱਲਣ ਦਾ ਮਸ਼ਵਰਾ ਦਿੰਦਾ ਹੈ ਅਤੇ ਸਾਹਿਤ ਦੇ ਸੁਹਜ-ਸੰਪੰਨ ਪ੍ਰਯੋਜਨ ਨੂੰ ਸਮੁੱਚੀ ਗਿਆਨ ਪਰੰਪਰਾ ਦੇ ਅਧੀਨ ਪ੍ਰਸਤੁਤ ਕਰਦਾ ਹੈ।

ਡਾ. ਤਰਲੋਕ ਸਿੰਘ ਕੰਵਰ ਦਾ ਚਿੰਤਨ ਕਾਰਜ ਮੁੱਢਲੇ ਰੂਪ ਵਿਚ ਡਾ. ਹਰਿਭਜਨ ਸਿੰਘ ਦੇ ਚਿੰਤਨ ਦੇ ਵਿਚਾਰਧਾਰਾਈ ਆਧਾਰਾਂ ਨਾਲ ਮੇਲ ਖਾਂਦਾ ਹੈ, ਪਰੰਤੂ ਹੌਲੀ-ਹੌਲੀ ਉਹ ਰੂਸੀ ਰੂਪਵਾਦ ਅਤੇ ਅਮਰੀਕੀ ਨਵ ਆਲੋਚਨਾ ਦੀਆਂ ਸੀਮਾਵਾਂ ਨੂੰ ਸਮਝਦਾ ਹੋਇਆ ਇਹਨਾਂ ਦੇ ਚਿੰਤਨ ਘੇਰੇ ਤੋਂ ਪਾਰ ਜਾਂਦਾ ਹੋਇਆ ਪ੍ਰਤੀਕਵਾਦ, ਸੰਰਚਨਾਵਾਦ, ਚਿਹਨ-ਵਿਗਿਆਨ, ਨਵ-ਮਾਰਕਸਵਾਦ ਅਤੇ ਉਤਰ-ਸੰਰਚਨਾਵਾਦ ਦੇ ਵਿਚਾਰਧਾਰਕ ਆਧਾਰਾਂ ਨੂੰ ਅਪਣਾਉਂਦਾ ਹੈ। ਸਾਹਿਤ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਦੇ ਨਾਲ-ਨਾਲ ਉਹ ਸਾਹਿਤ ਦੇ

ਇਤਿਹਾਸ ਨਾਲ ਸੰਬੰਧਾਂ ਨੂੰ ਉਘਾੜਨ ਲਈ ਸਾਹਿਤ ਦੀ ਇਤਿਹਾਸਕਾਰੀ ਸੰਬੰਧੀ ਵੀ ਵਿਚਾਰ ਪ੍ਰਗਟ ਕਰਦਾ ਹੈ। ਇਸੇ ਤਹਿਤ ਸਾਹਿਤ ਵਿਚਲੇ ਸੁਹਜ ਦਾ ਸੰਬੰਧ ਉਹ ਸਾਹਿਤ ਇਤਿਹਾਸ ਨਾਲ ਜੋੜਦਾ ਹੈ। ਉਸਦਾ ਮੰਨਣਾ ਹੈ, "ਇਤਿਹਾਸ ਕਾਲ ਦੀ ਪ੍ਰਾਕ੍ਰਿਤਕ ਗਤੀ ਦਾ ਨਾਮ ਨਹੀਂ ਸਗੋਂ ਇਸ ਉਪਰ ਆਰੋਪਿਤ ਰੂਪ-ਪ੍ਰਬੰਧ ਹੈ। ਇਉਂ ਸਾਂਸਕ੍ਰਿਤਕ ਇਤਿਹਾਸ ਰੂਪ-ਪ੍ਰਬੰਧਾਂ ਦੇ ਦ੍ਵੰਦਾਤਮਕ-ਸੰਬੰਧਾਂ ਉਪਰ ਆਧਾਰਿਤ ਐਸਾ ਸਿਸਟਮ ਹੈ ਜੋ ਰੂਪ-ਪ੍ਰਬੰਧ ਨੂੰ ਵਾਰਦਾਤੀ ਵੇਰਵਿਆਂ ਦੀ ਘੜਮਸ ਪ੍ਰਤਿ ਖ਼ਬਰਦਾਰ ਕਰ ਕੇ ਇਕ ਅਤਿਅੰਤ ਨਿਸ਼ਚਿਤ ਭਵਿਖ ਵਲ ਵਧਣ ਦੀ ਸੂਚਨਾ ਦੇਂਦਾ ਹੈ।"[7] ਉਹ ਇਤਿਹਾਸ ਨੂੰ ਸਾਂਸਕ੍ਰਿਤਕ ਪ੍ਰਾਪਤੀ ਮੰਨਦਾ ਹੋਇਆ, ਇਸਨੂੰ ਵਰਤਮਾਨ ਦਾ ਵਿਸ਼ਲੇਸ਼ਣ ਕਰਕੇ ਭਵਿੱਖ ਲਈ ਅਗਾਊਂ ਸਤਰਕ ਕਰਨ ਵਾਲਾ ਸਿਸਟਮ ਮੰਨਦਾ ਹੈ।

ਇਸੇ ਪ੍ਰਕਾਰ ਡਾ. ਤਰਲੋਕ ਸਿੰਘ ਕੰਵਰ 'ਮਾਨਵਵਾਦ ਤੇ ਸਾਹਿਤ' ਨਾਮੀ ਨਿਬੰਧ ਵਿਚ ਸਾਹਿਤ ਦੇ ਮਾਨਵਵਾਦ ਨਾਲ ਸੰਬੰਧਾਂ ਦੀ ਚਰਚਾ ਕਰਦਾ ਹੈ। ਇੱਥੇ ਵੀ ਉਸਦੇ ਧਿਆਨ ਦਾ ਕੇਂਦਰੀ ਮਰਕਜ਼ ਸਾਹਿਤ ਵਿਚਲੀ 'ਸਾਹਿਤਕ' ਦ੍ਰਿਸ਼ਟੀ ਬਣਦੀ ਹੈ, ਪਰੰਤੂ ਉਹ ਸਾਹਿਤ ਦੇ ਮਾਨਵਵਾਦ ਨਾਲ ਸੰਬੰਧਾਂ ਤੋਂ ਇਨਕਾਰੀ ਵੀ ਨਹੀਂ ਹੈ। ਉਹ ਮੂਲ ਰੂਪ ਵਿਚ ਕਿਸੇ ਅਜਿਹੀ ਅੰਤਰ-ਅਨੁਸ਼ਾਸਨੀ ਵਿਧੀ ਦੀ ਤਲਾਸ਼ ਵਿਚ ਨਜ਼ਰ ਆਉਂਦਾ ਹੈ ਜੋ ਸਾਹਿਤ ਦੇ 'ਸੁਹਜ-ਮੁੱਲ' ਦੀ ਪਛਾਣ ਵੀ ਕਰੇ ਅਤੇ ਸਾਹਿਤ ਵਿਚਲੇ 'ਸਮਾਜਕਤਾ' ਦੇ ਸੰਕਲਪ ਨੂੰ ਵੀ ਅਣਗੌਲਿਆਂ ਨਾ ਰਹਿਣ ਦੇਵੇ। ਪੂਰਵਲੀ ਪਰੰਪਰਾਗਤ ਸਮੀਖਿਆ ਦੀ ਤਰਕ-ਯੁਕਤ ਦ੍ਰਿਸ਼ਟੀ ਸੰਬੰਧੀ ਚਰਚਾ ਕਰਦਾ ਹੋਇਆ ਉਹ ਸਾਹਿਤ ਅਤੇ ਮਾਨਵਵਾਦ ਦੇ ਸੰਬੰਧਾਂ ਨੂੰ ਘੋਖਦਾ ਹੈ। ਉਸਦਾ ਮੰਨਣਾ ਹੈ ਕਿ ਦੈਵੀ ਅਤੇ ਰਹੱਸਾਤਮਕ ਵਿਚਾਰ ਪੱਧਤੀਆਂ ਦੀ ਥਾਂ ਆਧੁਨਿਕਤਾ ਤਹਿਤ ਹਰ ਵਰਤਾਰੇ ਨੂੰ ਤਰਕ-ਯੁਕਤ ਦ੍ਰਿਸ਼ਟੀ ਥਾਣੀਂ ਲੰਘਾਇਆ ਜਾਣ ਲੱਗ ਪਿਆ, ਜਿਸ ਕਾਰਨ ਹਰ ਵਰਤਾਰਾ ਤਰਕ-ਯੁਕਤ ਵਿਚਾਰਾਂ ਅਧੀਨ ਆਉਣਾ ਸ਼ੁਰੂ ਹੋ ਗਿਆ, ਸਿੱਟੇ ਵਜੋਂ ਮਨੁੱਖ ਦੀ ਸਮੂਰਤ ਸਮੱਗਰਤਾ ਖੇਰੂੰ-ਖੇਰੂੰ ਹੋ ਗਈ ਅਤੇ ਸਾਹਿਤ ਦੇ ਸਾਹਿਤਕ ਉਦੇਸ਼ ਲਾਂਭੇ ਹੋ ਗਏ। ਇਸ ਨਾਲ ਸਾਹਿਤ ਬਾਹਰੀ ਉਦੇਸ਼ਾਂ ਦੀ ਪੂਰਤੀ ਵਿਚੋਂ ਹੀ ਸਾਹਿਤ ਦੀ ਸਾਰਥਿਕਤਾ ਖੋਜੀ ਜਾਣ ਲੱਗੀ। ਡਾ. ਕੰਵਰ ਸਾਹਿਤ ਨੂੰ ਮਾਨਵੀ ਸੀਮਾ ਨਾਲ ਜੁੜਿਆ ਹੋਇਆ ਸਪੱਸ਼ਟ ਕਰਦਾ ਹੈ, ਇਸੇ ਲਈ ਉਹ ਸਾਹਿਤ ਦੀ ਸੰਰਚਨਾ ਵਿਚ ਮਾਨਵੀ ਪਾਸਾਰਾਂ ਦੀ ਹੋਂਦ ਕਾਰਨ ਸਾਹਿਤ ਨਾਲ ਇਸਦੇ ਸੰਬੰਧਾਂ ਨੂੰ ਸਵੀਕਾਰ ਕਰਦਾ ਹੈ। ਉਸਦਾ ਕਥਨ ਹੈ, "ਸਿਧਾਂਤ ਪ੍ਰਣਾਲੀਆਂ ਤੇ ਵਿਚਾਰ ਪਰਿਪਾਟੀਆਂ ਆਪਣੀ ਤਰਕ ਪੱਧਤੀ ਦੇ

ਆਧਾਰ ਉੱਤੇ ਭਾਵੇਂ ਗੈਰ ਮਾਨਵੀ ਪਾਸਾਰਾਂ ਦੀ ਮਹਾਨਤਾ ਨੂੰ ਚਿਤਵ ਸਕਣ ਦਾ ਸ਼ਾਇਦ ਸਾਹਸ ਰੱਖਦੀਆਂ ਹੋਣ, ਪਰ ਸਾਹਿਤ, ਆਪਣੇ ਸਮੱਗਰ ਰੂਪ ਵਿਚ ਮਾਨਵੀ ਸੀਮਾ ਨਾਲ ਜੁੜਿਆ ਹੋਇਆ ਹੈ।"[8]

ਡਾ. ਤਰਲੋਕ ਸਿੰਘ ਕੰਵਰ ਦੇ ਸਿਧਾਂਤ ਚਿੰਤਨ ਦੇ ਪਿਛੋਕੜ ਵਿਚ ਰੂਸੀ ਰੂਪਵਾਦ, ਪ੍ਰਤੀਕਵਾਦ, ਸੰਰਚਨਾਵਾਦ, ਉਤਰ-ਸੰਰਚਨਾਵਾਦ ਅਤੇ ਚਿਹਨ-ਵਿਗਿਆਨ ਆਦਿ ਅਧਿਐਨ ਪ੍ਰਣਾਲੀਆਂ ਦੇ ਵਿਚਾਰਧਾਰਕ ਆਧਾਰ ਕਾਰਜਸ਼ੀਲ ਨਜ਼ਰ ਆਉਂਦੇ ਹਨ। ਪਹਿਲੇ ਪੱਧਰ 'ਤੇ ਉਸਨੇ ਵੱਖ-ਵੱਖ ਸਮਿਆਂ ਦੌਰਾਨ ਵਿਸ਼ਵ ਪੱਧਰ 'ਤੇ ਪੈਦਾ ਅਤੇ ਵਿਗਠਿਤ ਹੋਈਆਂ ਅਧਿਐਨ ਪ੍ਰਣਾਲੀਆਂ ਨਾਲ ਪੰਜਾਬੀ ਪਾਠਕ ਵਰਗ ਨੂੰ ਜਾਣੂ ਕਰਾਉਣ ਦਾ ਯਤਨ ਕੀਤਾ। ਦੂਜਾ ਉਸਨੇ ਇਹਨਾਂ ਅੰਤਰ-ਦ੍ਰਿਸ਼ਟੀਆਂ ਦੀ ਸੂਖਮਤਾ ਨੂੰ ਪੰਜਾਬੀ ਸ਼ਬਦ-ਸਭਿਆਚਾਰ ਉਪਰ ਲਾਗੂ ਕਰਕੇ ਸਾਹਿਤ ਪਾਠਾਂ ਦਾ ਵਿਹਾਰਕ ਅਧਿਐਨ ਪ੍ਰਸਤੁਤ ਕੀਤਾ। ਇਸ ਸੰਬੰਧੀ ਡਾ. ਹਰਿਭਜਨ ਸਿੰਘ ਭਾਟੀਆ ਦੀ ਟਿੱਪਣੀ ਵਾਜਿਬ ਪ੍ਰਤੀਤ ਹੁੰਦੀ ਹੈ:-

ਡਾ. ਕੰਵਰ ਦੀ ਜਗਿਆਸਾ, ਪੰਜਾਬੀ ਦੇ ਪਰੰਪਰਾਈ ਗਿਆਨ ਨੂੰ ਸਮਕਾਲੀ ਗਿਆਨ ਸ਼ਾਸਤਰ ਦੇ ਅੰਤਰ-ਰਾਸ਼ਟਰੀ ਅਤੇ ਅੰਤਰ-ਅਨੁਸ਼ਾਸਨੀ ਪੈਮਾਨਿਆਂ ਦੇ ਅਨੁਰੂਪ ਪ੍ਰਾਸੰਗਿਕ ਕਰਨ ਦੀ ਸੀ।... ਅਧਿਐਨ ਦੇ ਧਰਾਤਲ ਉਪਰ, ਉਸ ਸ਼ੁਰੂ ਵਿਚ ਆਪਣੇ ਚਿੰਤਨ ਦਾ ਨਾਤਾ ਪ੍ਰਤੀਕਵਾਦ ਨਾਲ ਜੋੜਿਆ ਅਤੇ ਪੱਛਮੀ ਗਿਆਨ ਸ਼ਾਸਤਰ ਦੀ ਸਹਾਇਤਾ ਨਾਲ, ਮਾਨਵੀ ਸਭਿਆਚਾਰ ਨੂੰ ਪ੍ਰਤੀਕੀ ਨਿਆਇ ਦੇ ਬਿੰਦੂ ਤੋਂ ਵੇਖਣ-ਪਰਖਣ ਦਾ ਯਤਨ ਕੀਤਾ। ਅਸਲ ਵਿਚ, ਉਹ ਵਿਭਿੰਨ- ਖੇਤਰਾਂ ਪਾਸੋਂ ਲਈਆਂ ਅੰਤਰ-ਦ੍ਰਿਸ਼ਟੀਆਂ ਨੂੰ ਮਿਲਾ ਕੇ, "ਇਨਕਲਾਬੀ ਪਾਠ ਪ੍ਰਬੰਧ" ਦਾ ਐਸਾ ਭੱਰਵਾਂ ਦ੍ਰਿਸ਼ ਸਿਰਜਣ ਦਾ ਇਛੁੱਕ ਸੀ, ਜਿਸ ਦੀ ਸਹਾਇਤਾ ਨਾਲ, ਅਜੋਕੇ ਸਮੇਂ ਦੇ ਸਾਹਿਤ-ਅਧਿਐਨ ਸਭਿਆਚਾਰ ਦੀ ਜਟਿਲਤਾ ਨੂੰ ਸਮਝਿਆ ਜਾ ਸਕੇ।... ਉਸ ਆਪਣੇ ਪ੍ਰਵਚਨਾਂ ਦੀ ਉਸਾਰੀ ਕਾਵਿ-ਸ਼ਾਸਤਰੀ ਤੇ ਅੰਤਰ-ਅਨੁਸ਼ਾਸਨੀ ਵਿਧੀ ਦੇ ਦਵੰਦਾਤਮਕ ਰਿਸ਼ਤੇ ਦੇ ਆਧਾਰ ਉਪਰ ਕੀਤੀ।[9]

ਉਪਰੋਕਤ ਟਿੱਪਣੀ ਡਾ. ਤਰਲੋਕ ਸਿੰਘ ਕੰਵਰ ਦੇ ਚਿੰਤਨ ਕਾਰਜ ਦੇ ਵਿਚਾਰਧਾਰਕ ਆਧਾਰਾਂ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਡਾ. ਕੰਵਰ ਦੇ ਚਿੰਤਨ ਦਾ ਪ੍ਰਯੋਜਨ ਹੀ ਪੱਛਮੀ ਸਮੀਖਿਆ ਤੋਂ ਜਾਣੂ ਹੋਣਾ ਅਤੇ ਪੱਛਮੀ ਸਮੀਖਿਆ ਵਿਚ ਵਾਪਰ ਰਹੀਆਂ ਤਬਦੀਲੀਆਂ ਅਤੇ ਅੰਤਰ-ਦ੍ਰਿਸ਼ਟੀਆਂ ਰਾਹੀਂ ਪੰਜਾਬੀ ਸ਼ਬਦ ਸਭਿਆਚਾਰ ਦਾ ਅਧਿਐਨ-

ਵਿਸ਼ਲੇਸ਼ਣ ਕਰਨਾ ਹੈ। ਉਸਦੇ ਚਿੰਤਨ ਦੀ ਮਹੱਤਤਾ ਇਸ ਨੁਕਤੇ ਵਿਚ ਹੈ ਕਿ ਉਹ ਆਪਣੇ ਵੱਲੋਂ ਅਪਣਾਈਆਂ ਗਈਆਂ ਅੰਤਰ-ਦ੍ਰਿਸ਼ਟੀਆਂ ਦੀ ਸੀਮਾ ਤੋਂ ਜਦੋਂ ਜਾਣੂ ਹੋਇਆ ਤਾਂ ਉਸਨੇ ਨਿਰੰਤਰਤਾ ਤਹਿਤ ਚਿਹਨ-ਵਿਗਿਆਨ, ਨਵ-ਮਾਰਕਸਵਾਦ ਅਤੇ ਉਤਰ-ਸੰਰਚਨਾਵਾਦ ਜਿਹੀਆਂ ਅਧਿਐਨ ਪ੍ਰਣਾਲੀਆਂ ਨੂੰ ਅਪਣਾਇਆ। ਇਸੇ ਨਿਰੰਤਰਤਾ ਨੂੰ ਡਾ. ਮਨਜੀਤ ਸਿੰਘ ਇਸ ਪ੍ਰਕਾਰ ਵਿਅਕਤ ਕਰਦਾ ਹੈ:

ਅਰਸਤੂ ਦੇ ਕਾਵਿ-ਸ਼ਾਸਤਰ ਤੋਂ ਲੈ ਕੇ, ਉੱਤਰ ਸੰਰਚਨਾਵਾਦ (Post Structuralism) ਨਾਲ ਸੰਬੰਧਤ 'ਸਾਹਿਤ ਅਧਿਐਨ ਦੀ ਉਥਾਪਨਾ ਜਾਂ ਵਿਰਚਨਾ ਵਿਧੀ' (Theory Of Deconstruction) ਤਕ ਵਿਕਸਤ ਹੋਈਆਂ ਲੱਗਪਗ ਸਾਰੀਆਂ ਅਧਿਐਨ-ਵਿਧੀਆਂ ਉਪਰ, ਡਾ. ਕੰਵਰ ਦੀ ਪਕੜ ਕਾਫ਼ੀ ਪੱਕੀ ਤੇ ਪੀਢੀ ਸੀ। ਅਮਰੀਕੀ ਨਵ-ਆਲੋਚਨਾ (ਅਮਰੀਕੀ ਰੂਪਵਾਦ), ਰੂਸੀ ਰੂਪਵਾਦ ਸ਼ੈਲੀ-ਵਿਗਿਆਨ, ਸੰਰਚਨਾਵਾਦ, ਥੀਮ-ਵਿਗਿਆਨ, ਚਿਹਨ-ਵਿਗਿਆਨ, ਉੱਤਰ-ਸੰਰਚਨਾਵਾਦ, ਉੱਤਰ-ਆਧੁਨਿਕਤਾਵਾਦ, ਨਵ-ਮਾਰਕਸਵਾਦ ਆਦਿ ਭਿੰਨ-ਭਿੰਨ ਚਿੰਤਨ-ਪ੍ਰਣਾਲੀਆਂ ਉਪਰ, ਵੱਖਰੇ ਵੱਖਰੇ ਸਾਹਿਤਕ-ਪ੍ਰਸੰਗਾਂ ਵਿਚ, ਡਾ. ਕੰਵਰ ਨੇ ਭਰਪੂਰ ਚਰਚਾ ਕੀਤੀ ਹੈ।[10]

ਉਪਰੋਕਤ ਟਿੱਪਣੀ ਰਾਹੀਂ ਡਾ. ਕੰਵਰ ਦੀ ਸਿਧਾਂਤਕ ਸੂਝ ਦੀ ਟੋਹ ਪ੍ਰਾਪਤ ਹੁੰਦੀ ਹੈ। ਉਸਨੇ ਆਪਣਾ ਅਧਿਐਨ ਕਾਰਜ ਡਾ. ਹਰਿਭਜਨ ਸਿੰਘ ਦੀ ਨਿਗਰਾਨੀ ਹੇਠ ਆਰੰਭ ਕੀਤਾ ਅਤੇ ਉਪਰੰਤ ਇਸ ਦੀਆਂ ਸੀਮਾਵਾਂ ਕਾਰਨ ਇਸਤੋਂ ਵਿੱਥ ਕਾਇਮ ਕਰ ਲਈ। ਆਪਣੇ ਚਿੰਤਨ ਕਾਰਜ ਦਾ ਆਰੰਭ ਉਹ 'ਪ੍ਰਤੀਕਵਾਦ' ਨਾਲ ਕਰਦਾ ਹੈ। 'ਪ੍ਰਤੀਕਵਾਦ' ਨੂੰ ਸਮਝਣ ਅਤੇ ਸਮਝਾਉਣ ਲਈ ਉਹ ਪੱਛਮੀ ਚਿੰਤਕਾਂ ਅਰਨਸਟ ਕੈਜੀਅਰ (Ernst Cassier), ਸੂਸਨ ਕੇ. ਲੈਂਗਰ (Susane K. Langar) ਅਤੇ ਏ. ਐਨ. ਵਾਈਟਹੈਡ (A.N. Whitehead) ਦੀਆਂ ਪੁਸਤਕਾਂ ਪਾਸੋਂ ਸਹਾਇਤਾ ਪ੍ਰਾਪਤ ਕਰਦਾ ਹੈ। ਪ੍ਰਤੀਕ ਸੰਬੰਧੀ ਉਹ ਲਿਖਦਾ ਹੈ:

ਪ੍ਰਤੀਕ ਸਿਰਜਨ ਮਨੁੱਖ ਦੀ ਉਚੇਰੀ ਮੱਤ ਦੀ ਲਾਜ਼ਮੀ ਕ੍ਰਿਆ ਹੈ। ਇਸਦਾ ਆਧਾਰ ਵਾਸਤਵਿਕਤਾ ਤੇ ਸੰਭਾਵਨਾਵਾਂ ਦੇ ਅੰਤਰ ਉਪਰ ਹੈ। ਇਹ ਅੰਤਰ ਮਨੁੱਖੀ ਜਗਤ ਦੇ ਪ੍ਰਤੀਕ ਮਹੱਤਵ ਨਾਲ ਪੂਰੀ ਤਰ੍ਹਾਂ ਇਸ ਲਈ ਸੰਬੰਧਿਤ ਹੈ ਕਿ ਮਨੁੱਖ ਦੀ ਸਮੁੱਚੀ ਗਿਆਨ ਪ੍ਰਾਪਤੀ ਦੀ ਸੀਮਾ ਇਸੇ ਦੁਆਰਾ ਨਿਸਚਿਤ ਹੁੰਦੀ ਹੈ।[11]

ਡਾ. ਕੰਵਰ ਅਨੁਸਾਰ ਮਨੁੱਖ ਸਿਰਜਿਤ ਸਮੁੱਚੀਆਂ ਸਭਿਆਚਾਰਕ ਪ੍ਰਾਪਤੀਆਂ 'ਪ੍ਰਤੀਕ' ਦੇ ਘੇਰੇ ਵਿਚ ਆਉਂਦੀਆਂ ਹਨ। ਲਿਹਾਜ਼ਾ ਉਹ ਮਨੁੱਖ ਵੱਲੋਂ ਸਿਰਜਿਤ ਅਤੇ ਅਭਿਵਿਅਕਤ

ਕੀਤੇ ਸਮੁੱਚੇ ਵਰਤਾਰਿਆਂ ਦੀ ਸਿਰਜਣਾ ਕਰਨ ਵਾਲੇ ਸਿਸਟਮ ਨੂੰ 'ਪ੍ਰਤੀਕ-ਪ੍ਰਬੰਧ' ਦਾ ਨਾਮ ਦਿੰਦਾ ਹੈ। ਉਸਦਾ ਮੰਨਣਾ ਹੈ ਕਿ ਮਨੁੱਖੀ-ਬੁੱਧੀ ਦੀ ਵਿਸ਼ੇਸ਼ਤਾ ਪ੍ਰਤੀਕ ਸਿਰਜਨ ਵਿਚ ਹੈ। ਉਹ ਲਿਖਦਾ ਹੈ, "ਪ੍ਰਤੀਕ ਵਾਸਤਵਿਕ ਪੱਧਰ ਉਪਰ ਨਹੀਂ ਸਗੋਂ ਸੰਭਾਵਨਾ ਤੇ ਆਦਰਸ਼ ਦੀ ਪੱਧਰ ਉਪਰ ਵਿਚਰਦਾ ਹੈ। ਸਾਰਾ ਮਨੁੱਖੀ ਗਿਆਨ ਇਸੇ ਸੰਭਾਵਨਾ ਦੀ ਪੱਧਰ 'ਤੇ ਵਿਚਰਨ ਵਾਲੇ ਪ੍ਰਤੀਕ ਉਪਰ ਹੀ ਆਧਾਰਿਤ ਹੈ। ਅਜਿਹੀ ਹਾਲਤ ਵਿਚ ਮਨੁੱਖੀ ਗਿਆਨ ਨੂੰ ਇਸ ਦੇ ਮੂਲ ਅਰਥਾਂ ਵਿਚ ਪ੍ਰਤੀਕਾਤਮਕ ਕਹਿਣਾ ਹੀ ਯੋਗ ਬਣਦਾ ਹੈ।"[12]

ਸਾਹਿਤ ਦੇ ਖੇਤਰ ਵਿਚ ਪ੍ਰਤੀਕ ਦੀ ਸਾਰਥਕਤਾ ਸੰਬੰਧੀ ਚਰਚਾ ਕਰਦਾ ਹੋਇਆ ਉਹ ਤਰਕ ਅਤੇ ਵਾਸਤਵਿਕਤਾ ਦੀ ਅਭਿਵਿਅਕਤੀ ਦਾ ਸੰਬੰਧ ਵੀ ਪ੍ਰਤੀਕ ਨਾਲ ਜੋੜਦਾ ਹੈ। ਉਹ ਸਾਹਿਤ ਵਿਚ ਸਾਰਥਕ ਅਭਿਵਿਅਕਤੀ ਅਤੇ ਪ੍ਰਤੀਕ ਤੇ ਚਿਹਨ ਸੰਬੰਧੀ ਚਰਚਾ ਕਰਦਾ ਹੋਇਆ ਲਿਖਦਾ ਹੈ:-

ਸਾਰਥਕ ਅਭਿਵਿਅਕਤੀ ਪ੍ਰਤੀਕ ਦੀ ਕੇਂਦਰੀ ਤੇ ਬੁਨਿਆਦੀ ਵਿਸ਼ੇਸ਼ਤਾ ਹੈ।... ਇਸ ਲਈ ਪ੍ਰਤੀਕ ਮਨੁੱਖ ਦੇ ਸਾਰਥਕ ਜਗਤ ਦਾ ਭਾਗ ਹੈ, ਤੇ ਚਿਹਨ ਇਸ ਦੇ ਮੁਕਾਬਲੇ ਉਤੇ ਹੋਂਦ ਦੇ ਪਦਾਰਥਕ ਜਗਤ ਦਾ ਭਾਗ ਹੈ।[13]

ਸਾਹਿਤ ਦੇ ਖੇਤਰ ਵਿਚ ਵੀ ਉਹ ਪ੍ਰਤੀਕ ਨੂੰ ਤਾਂ ਹੀ ਸਾਰਥਕ ਪ੍ਰਵਾਨ ਕਰਦਾ ਹੈ, ਜੇਕਰ ਕਲਾ ਕਿਰਤ ਨੂੰ ਇੱਕ ਆਖੰਡ ਸਮੁੱਚ ਦੇ ਤੌਰ 'ਤੇ ਗ੍ਰਹਿਣ ਕੀਤਾ ਜਾਵੇ ਅਤੇ ਉਸਦੀ ਪ੍ਰਤੀਕਾਤਮਕ ਵਿਸ਼ੇਸ਼ਤਾ ਨੂੰ ਉਤਪਾਦਨ ਦੇ ਪੱਧਰ 'ਤੇ ਪ੍ਰਸਤੁਤ ਕੀਤਾ ਜਾਵੇ। ਡਾ. ਕੰਵਰ ਮਨੁੱਖੀ ਵਰਤਾਰਿਆਂ, ਪ੍ਰਕਿਰਤੀ, ਇਤਿਹਾਸ, ਸਾਹਿਤ, ਬੋਲੀ, ਗਣਿਤ ਸ਼ਾਸਤਰ, ਭੌਤਿਕ ਵਿਗਿਆਨ ਅਤੇ ਇਥੋਂ ਤਕ ਕਿ ਵਿਗਿਆਨ ਨੂੰ ਵੀ ਅੰਤਿਮ ਰੂਪ ਵਿਚ ਪ੍ਰਤੀਕਾਤਮਕ ਮੰਨਦਾ ਹੈ।

ਡਾ. ਕੰਵਰ ਆਪਣਾ ਮੁੱਢਲਾ ਚਿੰਤਨ ਕਾਰਜ ਪ੍ਰਤੀਕਵਾਦ ਤੋਂ ਆਰੰਭ ਕਰਦਾ ਹੈ, ਪਰੰਤੂ ਜਲਦੀ ਹੀ ਉਸਦਾ ਚਿੰਤਨ ਇਸ ਨੂੰ ਪਿੱਠਭੂਮੀ ਵਿਚ ਸਰਕਾ ਕੇ ਨਵੀਨ ਗਿਆਨ ਦੀਆਂ ਅੰਤਰ-ਦ੍ਰਿਸ਼ਟੀਆਂ ਨਾਲ ਜੁੜ ਜਾਂਦਾ ਹੈ। "ਦਰਅਸਲ ਡਾ. ਕੰਵਰ ਸਾਹਿਤ ਚਿੰਤਨ ਦਾ ਇਹ ਉਹ ਦੌਰ ਹੈ, ਜਦੋਂ ਉਹ ਪੱਛਮੀ ਸਾਹਿਤ ਚਿੰਤਨ ਵਿਚਲੀਆਂ ਵੱਖ-ਵੱਖ ਅਧਿਐਨ-ਜੁਗਤਾਂ ਵੱਲ ਵੀ ਰੁਚਿਤ ਹੋਣ ਲੱਗਦਾ ਹੈ। ਇਸ ਸਥਿਤੀ ਵਿਚੋਂ ਉਹ ਜਲਦੀ ਹੀ ਆਪਣੇ ਅਧਿਐਨ ਸਫ਼ਰ ਦਾ ਰਖ਼/ਦਿਸ਼ਾ ਰੂਪਵਾਦੀ ਚਿੰਤਨ ਵੱਲ ਅਤੇ ਉਸਤੋਂ ਵੀ ਪਾਰਲੇ ਗਿਆਨ-ਮੂਲਕ ਦ੍ਰਿਸ਼ਾਂ ਵੱਲ ਕਰਨ ਦੀ ਪ੍ਰਕਿਰਿਆ ਵਿਚ ਪੈਂਦਾ ਹੈ।"[14]

ਇਸਤੋਂ ਇਲਾਵਾ ਡਾ. ਕੰਵਰ ਰੂਪਵਾਦੀ ਅਧਿਐਨ ਵਿਧੀ ਦੇ ਆਰੰਭ ਹੋਣ, ਵਿਕਸਣ ਅਤੇ ਇਸਦੇ ਸਿਧਾਂਤਕ ਮਿਆਰਾਂ, ਸਾਹਿਤ ਦੇ ਖੇਤਰ ਵਿਚ ਆਮਦ ਅਤੇ ਇਸਨੂੰ ਅਲਵਿਦਾ ਕਹੇ ਜਾਣ ਦੇ ਕਾਰਨਾਂ ਸੰਬੰਧੀ ਸੰਖੇਪ ਜਿਹੀ ਚਰਚਾ ਕਰਦਾ ਹੈ। ਡਾ. ਕੰਵਰ ਰੂਸੀ ਰੂਪਵਾਦ ਦੇ ਆਗਮਨ ਅਤੇ ਪਤਨ ਤੋਂ ਇਲਾਵਾ ਰੂਸੀ ਰੂਪਵਾਦ ਦੇ ਸਿਧਾਂਤਾਂ, ਚਿੰਤਕਾਂ ਅਤੇ ਸੀਮਾਵਾਂ ਸੰਬੰਧੀ ਵੀ ਚਰਚਾ ਕਰਦਾ ਹੈ। ਉਸਦਾ ਮੰਨਣਾ ਹੈ ਕਿ ਸਾਹਿਤ ਦੇ ਅਧਿਐਨ ਨੂੰ ਵਿਗਿਆਨ ਅਤੇ ਤਕਨਾਲੋਜੀ ਦੇ ਅੰਤਰਗਤ ਵਿਵਸਥਾਮੂਲਕ ਅਤੇ ਸੰਗਠਿਤ ਕਰਨ ਦੇ ਯਤਨ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਰੂਸੀ ਰੂਪਵਾਦੀਆਂ ਵੱਲੋਂ ਹੋਏ ਹਨ, ਜਿਥੇ ਸਾਹਿਤ ਦੀ ਖ਼ੁਦਮੁਖਤਾਰ ਹੋਂਦ ਨੂੰ ਕੇਂਦਰ ਵਿਚ ਰੱਖਿਆ ਗਿਆ। ਉਹ ਰੂਪਵਾਦ ਨੂੰ ਸਾਹਿਤ ਨੂੰ ਵਿਗਿਆਨਕ ਆਧਾਰਾਂ ਉਪਰ ਪਰਖਣ ਵਾਲੀ ਕਸਵੱਟੀ ਕਹਿੰਦਾ ਹੈ, ਜਿਸਨੇ ਆਪਣੇ ਸਾਹਿਤ ਕੇਂਦਰੀ ਸਿਧਾਂਤਾਂ ਰਾਹੀਂ ਸਨਾਤਨੀ ਸਾਹਿਤ ਆਲੋਚਨਾ 'ਤੇ ਹਮਲਾ ਕੀਤਾ।

ਇਸੇ ਪ੍ਰਕਾਰ ਉਹ ਕਾਂਤਵਾਦੀ ਚਿੰਤਕਾਂ ਅਤੇ ਰੂਪਵਾਦੀ ਸਿਧਾਂਤਾਂ ਦਾ ਸੰਖੇਪ ਨਿਖੇੜਾ ਵੀ ਪ੍ਰਸਤੁਤ ਕਰਦਾ ਹੈ, ਜਿਸ ਵਿਚ ਤੋਮਾਸ਼ੇਵਸਕੀ ਦੇ ਥੀਮ ਵਿਗਿਆਨ ਅਤੇ ਮੋਟਿਫ਼ਾਂ ਸੰਬੰਧੀ ਚਰਚਾ ਕਰਦਾ ਹੈ। ਤਿਆਜਾਨੋਵ ਨੂੰ ਉਹ ਆਪਣੇ ਪੂਰਬਲੇ ਚਿੰਤਕਾਂ ਤੋਂ ਵੱਖਰਾ ਮੰਨਦਾ ਹੈ, ਕਿਉਂਕਿ ਉਹ ਸਾਹਿਤ ਦੇ ਇਤਿਹਾਸ ਦਾ ਵਿਗਿਆਨ ਉਸਾਰਨ ਦਾ ਯਤਨ ਕਰਦਾ ਹੋਇਆ ਇਤਿਹਾਸ ਨੂੰ ਇੱਕ ਪ੍ਰਬੰਧ ਵਜੋਂ ਗ੍ਰਹਿਣ ਕਰਦਾ ਹੈ। ਮੁੱਖ ਰੂਪ ਵਿਚ ਡਾ. ਤਰਲੋਕ ਸਿੰਘ ਕੰਵਰ ਰੂਪਵਾਦੀ ਸਿਧਾਂਤਾਂ ਦਾ ਸੰਬੰਧ ਰਚਨਾ ਦੇ ਤਕਨੀਕੀ ਪਾਸਾਰਾਂ ਨਾਲ ਜੋੜਦਾ ਹੈ। ਉਹ ਰੂਪਵਾਦੀ ਅਧਿਐਨ ਵਿਧੀ ਨੂੰ ਵਿਸ਼ਵ ਸਾਹਿਤ ਚਿੰਤਨ ਵਿਚ ਪਹਿਲੀ ਵਿਧੀ ਮੰਨਦਾ ਹੈ ਜਿਸ ਰਾਹੀਂ 'ਸਾਹਿਤ ਦੇ ਵਿਲੱਖਣ ਸੁਹਜ' ਨੂੰ ਮਹੱਤਤਾ ਪ੍ਰਾਪਤ ਹੋਈ। ਉਹ ਇਸਦੀ ਅਹਿਮੀਅਤ ਇਸ ਦੀਆਂ ਬੁਨਿਆਦੀ, ਪ੍ਰਤਿਨਿਧ ਤੇ ਪ੍ਰਮਾਣਿਕ ਲਿਖਤਾਂ ਵਿਚੋਂ ਉਭਾਰਦਾ ਹੈ, ਜੋ ਸਾਹਿਤ ਦੇ ਅਧਿਐਨ ਨੂੰ ਵਿਗਿਆਨ ਦੇ ਮਾਪਦੰਡਾਂ ਤਕ ਲਿਆਉਣ ਦਾ ਯਤਨ ਕਰਦੀਆਂ ਹਨ।

ਉਹ ਰੂਸੀ ਰੂਪਵਾਦੀ ਚਿੰਤਕਾਂ ਦੇ ਮੌਲਿਕ ਸਿਧਾਂਤਾਂ ਅਜਨਬੀਕਰਣ, ਕਾਵਿ-ਭਾਸ਼ਾ ਤੇ ਵਿਹਾਰ-ਭਾਸ਼ਾ, ਥੀਮ, ਮੋਟਿਫ਼ ਆਦਿ ਸੰਕਲਪਾਂ ਸੰਬੰਧੀ ਵੀ ਚਰਚਾ ਕਰਦਾ ਹੈ। ਇਹਨਾਂ ਦੀ ਤਕਨੀਕੀ ਜੁਗਤਾਂ ਨੂੰ ਵਿਚਾਰਨ ਲਈ ਆਦਰਸ਼ਮਈ ਅਤੇ ਕਰੜੇ ਵਿਗਿਆਨਕ ਸੰਜਮ ਅਤੇ ਸੀਮਾਵਾਂ ਵਾਲੀ ਵਿਚਾਰਧਾਰਕ ਬਿਰਤੀ ਨੂੰ ਉਹ ਇਸਦੇ ਪਤਨ ਦਾ ਕਾਰਨ ਮੰਨਦਾ ਹੈ। ਉਸਦੇ ਕਥਨ ਅਨੁਸਾਰ:

ਰੂਸੀ ਰੂਪਵਾਦ ਤਕਨੀਕੀ ਕਰੜਾਈ ਦੇ ਵਿਗਿਆਨਕ ਆਦਰਸ਼ ਉਪਰ ਦ੍ਰਿੜ ਰਹਿੰਦਾ ਹੈ। ਕਿਉਂਕਿ ਇਸ ਪਾਸ ਤਕਨੀਕੀ ਕਰੜਾਈ ਇਕ ਆਦਰਸ਼ਵਾਦ ਦੇ ਰੂਪ ਵਿਚ ਮੌਜੂਦ ਰਹੀ, ਜਿਸ ਲਈ ਇਹ ਆਪਣੀ ਕਰੜਾਈ ਕਾਰਨ ਸਮਾਜ ਤੇ ਸਭਿਆਚਾਰ ਦੀਆਂ ਬਹੁਤ ਸਾਰੀਆਂ ਡੂੰਘਾਈਆਂ ਤੇ ਪ੍ਰਸਥਿਤੀਆਂ ਨੂੰ ਅੱਖੋਂ-ਪਰੋਖੇ ਕਰ ਜਾਂਦਾ ਹੈ ਤੇ ਇਸ ਤਰ੍ਹਾਂ ਵਿਗਿਆਨਕ ਹੁੰਦਾ ਹੋਇਆ ਵੀ ਅਵਿਗਿਆਨਕ ਹੋ ਜਾਂਦਾ ਹੈ।[15]

ਡਾ. ਕੰਵਰ ਮੁੱਖ ਰੂਪ ਵਿਚ ਕਾਲ-ਪ੍ਰਵਾਹ ਵਿਚ ਪੈਦਾ ਹੋ ਰਹੀਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਸੰਬੰਧੀ ਜਾਣ ਕੇ ਉਹਨਾਂ ਦੇ ਸਿਧਾਂਤਕ ਅਤੇ ਇਤਿਹਾਸਕ ਵਿਕਾਸ ਪੜਾਵਾਂ ਸੰਬੰਧੀ ਵਿਚਾਰ ਕਰਦਾ ਹੈ। ਇਹਨਾਂ ਅੰਤਰ-ਦ੍ਰਿਸ਼ਟੀਆਂ ਦੀ ਦੂਸਰੀਆਂ ਅਧਿਐਨ-ਦ੍ਰਿਸ਼ਟੀਆਂ ਨਾਲ ਤੁਲਨਾ ਕਰਦਾ ਹੋਇਆ ਉਹਨਾਂ ਦੀ ਪਛਾਣ ਕਰਦਾ ਹੈ। ਨਾਲ ਹੀ ਉਹ ਉਹਨਾਂ ਦੀਆਂ ਸੀਮਾਵਾਂ ਦੀ ਪਛਾਣ ਕਰਕੇ ਉਹਨਾਂ ‘ਤੇ ਕਾਂਟਾ ਫੇਰਦਾ ਹੋਇਆ ਅਗਲੀਆਂ ਅੰਤਰ ਦ੍ਰਿਸ਼ਟੀਆਂ ਵੱਲ ਅਗ੍ਰਸਰ ਹੋ ਜਾਂਦਾ ਹੈ। ਇਹਨਾਂ ਵਿਚੋਂ ਡਾ. ਕੰਵਰ ਦਾ ਚਿੰਤਨ ਕਾਰਜ ਸੰਰਚਨਾਵਾਦ ਦੇ ਇਰਦ-ਗਿਰਦ ਹੀ ਘੁੰਮਦਾ ਹੈ। ਸੰਰਚਨਾਵਾਦ ਦੇ ਨਾਲ-ਨਾਲ ਉਹ ਚਿਹਨ ਵਿਗਿਆਨ ਦੇ ਸਿਧਾਂਤਕ ਸੰਕਲਪਾਂ ਨੂੰ ਵੀ ਅਪਣਾਉਂਦਾ ਹੈ, ਜਿਸਦੇ ਤਹਿਤ ਉਹ 'ਸੰਰਚਨਾਤਮਕ ਚਿਹਨ ਵਿਗਿਆਨ' ਦਾ ਸੰਕਲਪ ਪੇਸ਼ ਕਰਦਾ ਹੈ। ਸੰਰਚਨਾਵਾਦ ਸੰਬੰਧੀ ਉਸਦੀ ਲਘੂ ਆਕਾਰੀ ਪੁਸਤਕ ਸਾਹਿਤ ਅਧਿਐਨ ਦੀ ਸੰਰਚਨਾਵਾਦੀ ਪ੍ਰਣਾਲੀ 1975 ਈ. ਵਿਚ ਪ੍ਰਕਾਸ਼ਿਤ ਹੁੰਦੀ ਹੈ। ਪੰਜਾਬੀ ਚਿੰਤਨ ਜਗਤ ਨੂੰ ਸੰਰਚਨਾਵਾਦ ਨਾਲ ਜਾਣੂ ਕਰਵਾਉਣ ਵਾਲੀ ਇਹ ਪਹਿਲੀ ਪ੍ਰਮਾਣਿਕ ਪੁਸਤਕ ਹੈ, ਜਿਸ ਵਿਚ ਸੰਰਚਨਾਵਾਦ ਦੇ ਚਿੰਤਕਾਂ ਅਤੇ ਸਿਧਾਂਤਕ ਸੰਕਲਪਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਸੰਰਚਨਾਵਾਦ ਦੇ ਸਾਹਿਤ ਚਿੰਤਨ ਦੀ ਦੁਨੀਆ ਵਿਚ ਪ੍ਰਵੇਸ਼ ਅਤੇ ਇਸਦੀ ਪ੍ਰਕਿਰਤੀ ਸੰਬੰਧੀ ਵਿਚਾਰ ਚਰਚਾ ਕਰਦਿਆਂ ਹੋਇਆਂ ਉਹ ਲਿਖਦਾ ਹੈ:

ਸੰਰਚਨਾਵਾਦ ਨੇ ਭਾਸ਼ਾ-ਵਿਗਿਆਨ, ਮਾਨਵ-ਵਿਗਿਆਨ, ਗਣਿਤ ਸ਼ਾਸਤਰ, ਸੂਚਨਾ, ਸੰਚਾਰ ਤੇ ਨਿਯੰਤਰਣ ਆਦਿ ਦੇ ਸਿਧਾਂਤਾਂ ਤੋਂ ਪ੍ਰੇਰਣਾ ਪ੍ਰਾਪਤ ਕਰਦਿਆਂ ਪਰੰਪਰਾਈ ਮਰਿਆਦਾ ਦੀ ਪੱਧਰ ਉੱਤੇ ਵਿਚਰਦੇ ਸੰਜਮਾਂ ਨੂੰ ਵਿਗਿਆਨਕ ਅਧਿਐਨ ਪਰਿਪਾਟੀਆਂ ਵਿਚ ਬੰਨ੍ਹਣ ਦਾ ਪੈਗਾਮ ਦਿੱਤਾ। ਇਸ ਵਿਧੀ ਦੇ ਕਈ ਐਸੇ ਸੰਕਲਪ ਹਨ, ਜੋ ਇਤਨੇ ਨਵੀਨ ਅਤੇ ਆਂਦੋਲਨ ਮੂਲਕ ਹਨ ਕਿ ਉਨ੍ਹਾਂ ਨੂੰ ਗ੍ਰਹਿਣ ਕਰਨਾ ਜਾਂ ਉਨ੍ਹਾਂ ਨਾਲ ਨਿਭਾ ਸਕਣਾ ਆਸਾਨ ਨਹੀਂ। ਨਵੀਨਤਾ ਨੂੰ ਤੁਰੀ ਆਉਂਦੀ ਮਰਿਆਦਾ-ਬਧ ਪਰੰਪਰਾ ਦੇ ਅੰਤਰਗਤ ਹੀ

ਗ੍ਰਹਿਣ ਕੀਤਾ ਜਾ ਸਕਦਾ ਹੈ। ਇਸ ਧਾਰਨਾ ਨਾਲ ਮਾਨਵ ਬਿਰਤੀ ਜਾਣੀ ਪਛਾਣੀ ਨਵੀਨ ਵਿਧੀ ਦਾ ਤਾਲਮੇਲ ਸਥਾਪਿਤ ਕਰ ਸਕਣ ਦੇ ਯੋਗ ਹੁੰਦੀ ਹੈ। ਪਰ, ਜਦੋਂ ਪੈਗਾਮ ਕੁਝ ਐਸਾ ਹੋਵੇ ਜੋ ਪਰੰਪਰਾ ਤੋਂ ਯਕਦਮ ਟੁੱਟਣ ਦੀ ਸੂਚਨਾ ਦਿੰਦਾ ਹੋਵੇ ਤਾਂ ਮਰਿਆਦਾ-ਬਧ ਪ੍ਰਤਿਮਾਨਾਂ ਦੇ ਆਧਾਰ ਉੱਤੇ ਆਪਣਾ ਕੰਮ ਚਲਾਉਣ ਵਾਲੀ ਮਾਨਵ ਬੁੱਧ ਯਕਦਮ ਬੌਂਦਲ ਜਾਂਦੀ ਹੈ। ਸੰਰਚਨਾਵਾਦ ਨੇ ਇਸੇ ਤਰ੍ਹਾਂ ਦਾ ਪੈਗਾਮ ਦਿੱਤਾ ਹੈ।[16]

ਉਪਰੋਕਤ ਟਿੱਪਣੀ ਡਾ. ਕੰਵਰ ਦੀ ਸੰਰਚਨਾਵਾਦ ਪ੍ਰਤੀ ਬੇਜੋੜ ਖਿੱਚ ਅਤੇ ਉਲਾਰੂ ਬਿਰਤੀ ਨੂੰ ਪੇਸ਼ ਕਰਦੀ ਹੈ। ਉਹ ਇਸ ਪ੍ਰਣਾਲੀ ਨੂੰ ਇੱਕ ਕ੍ਰਾਂਤੀਕਾਰੀ ਪ੍ਰਣਾਲੀ ਮੰਨਦਾ ਹੈ, ਜੋ ਪ੍ਰਬੰਧਾਂ ਦੇ ਸੰਰਚਨਾਮੂਲਕ ਜੁਜ਼ਾਂ ਨੂੰ ਅੱਡ-ਅੱਡ ਕਰਕੇ ਖੋਲ੍ਹਦੀ ਹੈ ਤੇ ਇਹਨਾਂ ਦੇ ਆਪਸੀ ਸੰਬੰਧਾਂ ਨੂੰ ਪ੍ਰਸਤੁਤ ਕਰਦੀ ਹੈ। ਉਹ ਸੰਰਚਨਾਵਾਦ ਨੂੰ ਇੱਕ ਵਿਗਿਆਨਕ-ਦ੍ਰਿਸ਼ਟੀ ਮੰਨਦਾ ਹੈ ਜੋ ਪਰੰਪਰਾਈ ਮਰਿਆਦਾ ਅਨੁਸਾਰ ਵਿਚਰਦੇ ਸੰਕਲਪਾਂ ਨੂੰ ਵਿਗਿਆਨਕ ਅਧਿਐਨ ਪਰਿਪਾਟੀਆਂ ਵਿਚ ਬੰਨ੍ਹਣ ਦਾ ਪੈਗਾਮ ਦਿੰਦੀ ਹੈ। ਇਸਦੇ ਨਾਲ ਹੀ ਸੰਰਚਨਾਵਾਦੀ ਵਿਧੀ ਨੂੰ ਉਸ ਦੇ ਪ੍ਰਮੁੱਖ ਚਿੰਤਕਾਂ ਦੇ ਵਿਚਾਰ ਅਤੇ ਉਨਾਂ ਦੇ ਅਧਿਐਨ ਪੈਮਾਨਿਆਂ ਦੀ ਤੁਲਨਾ ਰਾਹੀਂ ਸਪੱਸ਼ਟ ਕਰਨ ਦਾ ਯਤਨ ਕਰਦਾ ਹੈ। ਡਾ. ਕੰਵਰ ਦੀ ਸਮੀਖਿਆ ਦੀ ਵਿਸ਼ੇਸ਼ ਪ੍ਰਾਪਤੀ ਇਸ ਨੁਕਤੇ ਵਿਚ ਹੈ ਕਿ ਉਹ ਛੇਤੀ ਹੀ ਸੰਰਚਨਾਵਾਦ ਵਿਚਲੀਆਂ ਖਾਮੀਆਂ ਨੂੰ ਪਛਾਣ ਜਾਂਦਾ ਹੈ ਅਤੇ ਵਿਸ਼ਵ ਦੇ ਹੋਰਨਾਂ ਦੂਸਰੇ ਅਨੁਸ਼ਾਸਨਾਂ (ਚਿਹਨ ਵਿਗਿਆਨ, ਆਧੁਨਿਕ ਭਾਸ਼ਾ-ਵਿਗਿਆਨ) ਨਾਲ ਰਾਬਤਾ ਕਾਇਮ ਕਰਦਾ ਹੈ। ਉਹ ਸੰਰਚਨਾਵਾਦੀ ਅਧਿਐਨ ਪ੍ਰਣਾਲੀ ਨੂੰ ਉਲਾਰੂ ਬਿਰਤੀ ਰਾਹੀਂ ਨਹੀਂ ਅਪਣਾਉਂਦਾ, ਸਗੋਂ ਉਸ ਦੀਆਂ ਵਿਸ਼ੇਸ਼ਤਾਵਾਂ ਅਤੇ ਖਾਮੀਆਂ ਨੂੰ ਨਾਲ-ਨਾਲ ਵਿਚਾਰਦਾ ਹੋਇਆ ਸੰਰਚਨਾਵਾਦੀ ਧਾਰਨਾ ਦੇ ਬਦਲਦੇ ਪਰਿਪੇਖਾਂ ਦੀ ਸੋਝੀ ਵੀ ਰੱਖਦਾ ਹੈ। ਡਾ. ਕੰਵਰ ਆਪਣੇ ਸਿਧਾਂਤਕ ਸੰਕਲਪਾਂ ਪ੍ਰਤੀ ਇਸ ਗੱਲ ਤੋਂ ਪੂਰੀ ਤਰ੍ਹਾਂ ਚੇਤੰਨ ਸੀ ਕਿ ਕਿਧਰੇ ਉਸਨੂੰ 'ਇੱਕਪਾਸੜ' ਅਤੇ 'ਰੂਪਵਾਦੀ' ਨਾ ਕਿਹਾ ਜਾਵੇ, ਜਿਸਦੇ ਮੱਦੇਨਜ਼ਰ ਉਹ ਰੂਪਵਾਦ-ਸੰਰਚਨਾਵਾਦ ਤੋਂ ਅੱਗੇ ਸੰਰਚਨਾਤਮਕ ਭਾਸ਼ਾ-ਵਿਗਿਆਨ ਦੇ ਅਧਿਐਨ ਵੱਲ ਰੁਚਿਤ ਹੁੰਦਾ ਹੈ। ਇਸੇ ਸਮੇਂ ਉਹ ਨਵੀਨ ਭਾਸ਼ਾ-ਵਿਗਿਆਨ ਅਤੇ ਚਿਹਨ-ਵਿਗਿਆਨ ਦੇ ਸਿਧਾਂਤਕ ਅਧਾਰਾਂ ਨੂੰ ਵਿਚਾਰਦਾ ਹੈ। ਇਸ ਸੰਬੰਧ ਵਿਚ ਉਹ ਕਲਾਦ ਲੈਵੀ ਸਤਰਾਸ ਅਤੇ ਰੋਲਾਂ ਬਾਰਤ ਦੇ ਚਿੰਤਨ ਸੰਬੰਧੀ ਵੀ ਚਰਚਾ ਕਰਦਾ ਹੈ।

ਡਾ. ਕੰਵਰ ਦੇ ਚਿੰਤਨ ਵਿਚ ਚਿਹਨ ਵਿਗਿਆਨਕ ਅਧਿਐਨ ਵਿਧੀ ਨੂੰ ਵਿਸ਼ੇਸ਼ ਸਥਾਨ ਹਾਸਿਲ ਹੈ। ਡਾ. ਕੰਵਰ ਭਾਸ਼ਾ ਅਤੇ ਸਾਹਿਤ ਨੂੰ ਸੰਚਾਰ ਦੀਆਂ ਦੋ ਪ੍ਰਮੁੱਖ ਪ੍ਰਕਿਰਿਆਵਾਂ ਮੰਨਦਾ ਹੈ ਜਿਨਾਂ ਦਾ ਕਾਰਜ ਚਿਹਨ ਦੀ ਸਹਾਇਤਾ ਰਾਹੀਂ ਸੰਪੂਰਨ ਹੁੰਦਾ ਹੈ। ਚਿਹਨ ਵਿਗਿਆਨਕ ਵਿਧੀ ਦੇ ਅੰਤਰਗਤ ਸੰਸਾਰ ਦੇ ਸਮੁੱਚੇ ਵਰਤਾਰਿਆਂ ਨੂੰ ਚਿਹਨ ਪ੍ਰਕਿਰਿਆ ਦੀ ਹੋਂਦ ਵਿਧੀ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ। ਚਿਹਨ ਵਿਗਿਆਨ ਦੇ ਸਨਮੁੱਖ ਹੀ ਉਹ ਸ਼ੈਲੀ ਵਿਗਿਆਨ ਨੂੰ ਵਿਚਾਰਦਾ ਹੋਇਆ ਉਸਦੀਆਂ ਸੀਮਾਵਾਂ ਨੂੰ ਉਘਾੜਦਾ ਹੈ। ਡਾ. ਕੰਵਰ ਦੀ ਤੀਖਣ ਸੂਝ ਅਧਿਐਨ ਪ੍ਰਣਾਲੀਆਂ ਵਿਚਲੀਆਂ ਖਾਮੀਆਂ ਨੂੰ ਪਛਾਣ ਕੇ ਨਵੀਆਂ ਸੰਭਾਵਨਾਵਾਂ ਨਾਲ ਜੁੜਨ ਦੀ ਸਮਰੱਥਾ ਰੱਖਦੀ ਸੀ। ਇਸੇ ਪ੍ਰਕਾਰ ਡਾ. ਤਰਲੋਕ ਸਿੰਘ ਕੰਵਰ ਦੇ ਸਿਧਾਂਤ ਚਿੰਤਨ ਵਿਚ ਮਾਰਕਸਵਾਦ ਅਤੇ ਸੰਰਚਨਾਵਾਦ ਦੇ ਸੰਬੰਧਾਂ ਅਤੇ ਵੱਖਰਤਾਵਾਂ ਸੰਬੰਧੀ ਚਿੰਤਨ ਵੀ ਪ੍ਰਾਪਤ ਹੁੰਦਾ ਹੈ। ਮੁੱਖ ਰੂਪ ਵਿਚ ਡਾ. ਕੰਵਰ 'ਸਾਹਿਤਕਤਾ' ਅਤੇ 'ਸਮਾਜਕਤਾ' ਦੇ ਦੁਵੱਲੇ ਸੰਬੰਧਾਂ ਰਾਹੀਂ ਸਾਹਿਤ ਦਾ ਅਧਿਐਨ ਕਰਨ ਵਾਲੀ ਇੱਕ ਨਵੀਂ ਅੰਤਰ-ਅਨੁਸ਼ਾਸਨੀ ਵਿਧੀ ਦੀ ਤਲਾਸ਼ ਵਿੱਚ ਨਜ਼ਰ ਆਉਂਦਾ ਹੈ। ਉਹ ਇਹਨਾਂ ਦੋਵਾਂ ਵਾਦਾਂ ਦੇ ਸਿਧਾਂਤਕ ਸੰਕਲਪਾਂ ਰਾਹੀਂ ਇੱਕ ਸਾਂਝਾ ਧਰਾਤਲ ਸਿਰਜਣ ਦਾ ਯਤਨ ਕਰਦਾ ਹੈ। ਉਹ ਜਾਣਦਾ ਹੈ ਕਿ ਉਸਨੂੰ ਆਪਣੇ ਚਿੰਤਨ ਧਾਰਾ ਨੂੰ ਦੂਸਰੇ ਗਿਆਨ ਦੇ ਅਨੁਸ਼ਾਸਨਾਂ ਨਾਲ ਬਰ ਮੇਚਣ ਨਾਲ ਹੀ ਉਸਦਾ ਚਿੰਤਨ ਵਰਤਮਾਨ ਦਾ ਹਾਣੀ ਬਣ ਸਕੇਗਾ। ਮਾਰਕਸਵਾਦ ਦੇ 'ਆਧਾਰ ਸੰਰਚਨਾ' ਅਤੇ 'ਉਸਾਰ ਸੰਰਚਨਾ' ਸਬੰਧੀ ਵਿਚਾਰ ਪੇਸ਼ ਕਰਦਾ ਹੈ, ਜਿਸ ਵਿਚ ਆਧਾਰ ਸੰਰਚਨਾ ਦਾ ਸੰਬੰਧ ਸਮਾਜ ਦੇ ਆਰਥਿਕ ਆਧਾਰ ਅਤੇ ਉਸਾਰ ਸੰਰਚਨਾ ਦਾ ਸੰਬੰਧ ਸਮਾਜ ਵਿਚਲੇ ਸਾਂਝੇ ਵਿਚਾਰਾਂ ਨਾਲ ਜੋੜਦਾ ਹੈ। ਮਾਰਕਸਵਾਦ ਸੰਬੰਧੀ ਅਧਿਏਤਾ ਦੀ ਪਹੁੰਚ ਜੀ. ਬੀ. ਪਲੈਖਾਨੋਵ (GB Plakhanov), ਜਾਰਜ ਲੁਕਾਚ (George Lukacs) ਤੇ ਕ੍ਰਿਸਟੋਫਰ ਕਾਡਵੈੱਲ (Christopher Caudwell) ਦੇ ਵਿਚਾਰਾਂ ਉੱਤੇ ਅਧਾਰਿਤ ਹੈ। ਡਾ. ਕੰਵਰ ਮਾਰਕਸਵਾਦ ਅਤੇ ਸੰਰਚਨਾਵਾਦ ਵਿਧੀਆਂ ਦੇ ਸੰਸਲੇਸ਼ਣ ਰਾਹੀਂ ਇੱਕ ਅਜਿਹੀ ਸੰਤੁਲਿਤ ਵਿਧੀ ਨੂੰ ਘੜਨਾ ਚਾਹੁੰਦਾ ਹੈ, ਜੋ ਕਿਸੇ ਇੱਕ ਵਿਧੀ ਨੂੰ ਅਪਣਾਉਣ ਕਾਰਨ ਪੈਦਾ ਹੋਏ ਖੱਪਿਆਂ ਨੂੰ ਪੂਰ ਸਕੇ। ਇਸੇ ਤਹਿਤ ਉਹ ਉਪਰੋਕਤ ਚਿੰਤਕਾਂ ਤੋਂ ਇਲਾਵਾ ਨਵ-ਮਾਰਕਸਵਾਦੀ ਚਿੰਤਕਾਂ ਪੀਅਰੇ ਮਾਸ਼ੇਰੀ (Pirre Macherey), ਲੂਈ ਅਲਥੂਸਰ (Louis Althusser) ਅਤੇ ਟੈਲ-ਕੁਐਲ ਗਰੁੱਪ ਦੇ ਚਿੰਤਕਾਂ ਜਿਵੇਂ ਯੱਕ ਲਾਕਾਂ (Jacques Lacan), ਯੱਕ ਦੈਰੀਦਾ (Jacques

Derrida), ਮਿਸ਼ੇਲ ਫੂਕੋ (Michel Foucault), ਜੂਲੀਆ ਕ੍ਰਿਸਤੀਵਾ (Julia Christeva) ਆਦਿ ਦੇ ਸਿਧਾਂਤਕ ਅਧਾਰਾਂ ਨੂੰ ਨਾਲ ਲੈ ਕੇ ਚੱਲਦਾ ਹੈ। ਡਾ. ਕੰਵਰ ਦੀ ਮਨਸ਼ਾ ਅਸਲ ਵਿਚ ਸੰਤੁਲਿਤ ਦ੍ਰਿਸ਼ਟੀ ਸਥਾਪਿਤ ਕਰਨ ਦੀ ਸੀ, ਜਿਸ ਰਾਹੀਂ ਇੱਕੋ ਵੇਲੇ 'ਸਾਹਿਤਕਤਾ' ਅਤੇ 'ਸਮਾਜਕਤਾ' ਦੋਵੇਂ ਹੀ ਇੱਕ ਬਿੰਦੂ ਉੱਪਰ ਕੇਂਦਰਿਤ ਹੋਣ। ਇਸੇ ਤਹਿਤ ਡਾ. ਕੰਵਰ ਨਵ-ਮਾਰਕਸਵਾਦ ਦੇ ਨਾਲ-ਨਾਲ ਉਤਰ-ਸੰਰਚਨਾਵਾਦ ਦੀਆਂ ਅੰਤਰ-ਦ੍ਰਿਸ਼ਟੀਆਂ ਨੂੰ ਵੀ ਅਪਣਾਉਂਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਕੰਵਰ ਦਾ ਚਿੰਤਨ ਕਾਰਜ ਕਿਸੇ ਖੜੋਤ ਦਾ ਸ਼ਿਕਾਰ ਨਾ ਹੋ ਕੇ ਕਾਲ-ਪ੍ਰਵਾਹ ਵਿਚ ਵਿਕਸਿਤ ਹੋਈਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਨੂੰ ਅਪਣਾਉਂਦਾ ਹੈ। ਉਸਦੇ ਚਿੰਤਨ ਦਾ ਮੁੱਖ ਮਕਸਦ ਸਾਹਿਤ ਦਾ ਬਹੁ-ਪੱਖੀ ਅਤੇ ਬਹੁ-ਪਸਾਰੀ ਅਧਿਐਨ ਕਰਨਾ ਹੈ, ਜਿਸ ਲਈ ਉਹ ਇਕਪਾਸੜ ਅਤੇ ਕੱਟੜ ਬਿਰਤੀ ਨੂੰ ਤਿਆਗ ਕੇ ਅੰਤਰ-ਅਨੁਸ਼ਾਸਨੀ ਅਧਿਐਨ ਵਿਧੀ ਨੂੰ ਅਪਣਾਉਂਦਾ ਹੈ। ਇਸ ਵਿਧੀ ਰਾਹੀਂ ਉਹ ਸਾਹਿਤ ਦੇ 'ਸੁਹਜ ਮੁੱਲ' ਦੇ ਨਾਲ ਨਾਲ 'ਸਮਾਜਕਤਾ' ਦੇ ਮਸਲੇ ਨੂੰ ਵੀ ਹੱਲ ਕਰਨ ਦਾ ਯਤਨ ਕਰਦਾ ਹੈ। ਉਹ ਸਿਧਾਂਤਕ ਚਿੰਤਨ ਵਿਚ ਜਿਨ੍ਹਾਂ ਸੰਕਲਪਾਂ ਅਤੇ ਸਿਧਾਂਤਾਂ ਨੂੰ ਵਿਚਾਰਦਾ ਹੈ, ਉਹਨਾਂ ਨੂੰ ਉਹ ਵਿਹਾਰਕ ਅਧਿਐਨ ਵੇਲੇ ਅਪਣਾਉਂਦਾ ਹੈ।

<u>ਹਵਾਲੇ</u>

1. ਡਾ. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ 170
2. ਡਾ. ਤਰਲੋਕ ਸਿੰਘ ਕੰਵਰ (ਸੰਪਾ.), ਵਿਹਾਰਕੀ, "ਭੂਮਿਕਾ", ਪੰਨੇ 7-8
3. ਉਹੀ, ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਪੰਨਾ 120
4. ਉਹੀ, ਪੰਨਾ 121
5. ਖੋਜ ਦਰਪਣ, ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ, "ਡਾ. ਤਰਲੋਕ ਸਿੰਘ ਕੰਵਰ : ਪਰਾ ਸਮੀਖਿਆ ਦ੍ਰਿਸ਼ਟੀ", ਜਨਵਰੀ 1997, ਪੰਨਾ 196
6. ਡਾ. ਤਰਲੋਕ ਸਿੰਘ ਕੰਵਰ, ਥਾਪਨਾ ਉਥਾਪਨਾ, ਪੰਨਾ 105
7. ਉਹੀ, ਪੰਨੇ 109-110
8. ਉਹੀ, ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਪੰਨਾ 136

9. ਡਾ. ਹਰਿਭਜਨ ਸਿੰਘ ਭਾਟੀਆ (ਸੰਪਾ.), ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਦਾ ਸਰੂਪ, ਪੰਨੇ 553-554
10. ਡਾ. ਮਨਜੀਤ ਸਿੰਘ, ਵਿਸ਼ਵੀਕਰਨ : ਸਾਹਿਤਕ ਪ੍ਰਤਿਉੱਤਰ, ਪੰਨੇ 135-136
11. ਡਾ. ਹਰਿਭਜਨ ਸਿੰਘ, ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਪੰਨਾ 78
12. ਉਹੀ, ਪੰਨਾ 79
13. ਉਹੀ, ਪੰਨਾ 99
14. ਮਦਨ ਲਾਲ, ਡਾ. ਤਰਲੋਕ ਸਿੰਘ ਕੰਵਰ ਡਾ. ਆਤਮਜੀਤ ਸਿੰਘ ਅਤੇ ਡਾ. ਜਗਬੀਰ ਸਿੰਘ ਦਾ ਸਾਹਿਤ ਚਿੰਤਨ : ਨਿਕਟ ਅਤੇ ਤੁਲਨਾਤਮਕ ਅਧਿਐਨ (ਅਣ-ਪ੍ਰਕਾਸ਼ਿਤ ਖੋਜ-ਪ੍ਰਬੰਧ), ਪੰਨਾ 105
15. ਡਾ. ਤਰਲੋਕ ਸਿੰਘ ਕੰਵਰ, ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਪੰਨੇ 13-14
16. ਉਹੀ, ਸਾਹਿਤ ਅਧਿਐਨ ਦੀ ਸੰਰਚਨਾਵਾਦੀ ਪ੍ਰਣਾਲੀ, ਪੰਨਾ 47